Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 187 Monday, September 30, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਧਾਲੀਵਾਲ ਦੀ ਮੌਤ ਨਾਲ ਟੈਕਸਸ ਦੀ ਹੈਰਿਸ ਕਮਿਊਨਿਟੀ ਵਿੱਚ ਦੌੜੀ ਸੋਗ ਦੀ ਲਹਿਰ



ਟੈਕਸਸ, 29 ਸਤੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਟੈਕਸਸ ਵਿੱਚ ਟਰੈਫਿਕ ਸਟੌਪ ਦੌਰਾਨ ਪਿਛਲੇ ਪਾਸਿਓਂ ਗੋਲੀ ਮਾਰੇ ਜਾਣ ਕਾਰਨ ਸਿੱਖ ਡਿਪਟੀ ਸ਼ੈਰਿਫ ਸੰਦੀਪ ਧਾਲੀਵਾਲ ਦੀ ਮੌਤ ਹੋ ਗਈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਟੈਕਸਸ ਦੀ ਹੈਰਿਸ ਕਾਊਂਟੀ ਵਿੱਚ ਸ਼ੈਰਿਫ ਦਾ ਪਹਿਲਾ ਸਿੱਖ ਡਿਪਟੀ ਬਣ ਕੇ ਧਾਲੀਵਾਲ ਨੇ ਇਤਿਹਾਸ ਰਚ ਦਿੱਤਾ ਸੀ। ਗਸ਼ਤ ਦੌਰਾਨ ਉਸ ਨੂੰ ਪੱਗ ਬੰਨ੍ਹਣ ਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਵੀ ਮਿਲ ਗਈ ਸੀ। ਸ਼ੈਰਿਫ ਐੱਡ ਗੌਨਜ਼ਾਲੇਜ਼ ਨੇ ਦੱਸਿਆ ਕਿ ਧਾਲੀਵਾਲ ਬੜੇ ਮਾਣ ਨਾਲ ਪੱਗ ਬੰਨ੍ਹਦਾ ਸੀ ਤੇ ਬੜੇ ਆਦਰ ਸਤਿਕਾਰ ਨਾਲ ਆਪਣੀ ਕਮਿਊਨਿਟੀ ਦੀ ਅਗਵਾਈ ਕਰਦਾ ਸੀ। ਉਨ੍ਹਾਂ ਆਖਿਆ ਕਿ ਧਾਲੀਵਾਲ ਕਮਿਊਨਿਟੀ ਦਾ ਹੀਰੋ ਸੀ।

ਧਾਲੀਵਾਲ ਦੀ ਮੌਤ ਦੀ ਖਬਰ ਨਾਲ ਟੈਕਸਸ ਦੀ ਇਸ ਕਮਿਊਨਿਟੀ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਪੁਲਿਸ ਅਧਿਕਾਰੀਆਂ ਤੇ ਕਮਿਊਨਿਟੀ ਮੈਂਬਰਜ਼ ਵੱਲੋਂ ਧਾਲੀਵਾਲ ਨਾਲ ਜੁੜੀਆਂ ਤਸਵੀਰਾਂ ਤੇ ਵੀਡੀਓਜ਼ ਸੋਸ਼ਲ ਮੀਡੀਆ ਉੱਤੇ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ ਉੱਤੇ ਹੀ ਧਾਲੀਵਾਲ ਨੂੰ ਸ਼ਰਧਾਂਜਲੀ ਵੀ ਦਿੱਤੀ ਜਾ ਰਹੀ ਹੈ। ਇੱਕ ਮਹਿਲਾ ਵੱਲੋਂ ਵੀਡੀਓ ਸਾਂਝਾ ਕੀਤਾ ਗਿਆ ਹੈ ਜਿਸ ਵਿੱਚ ਧਾਲੀਵਾਲ ਉਸ ਦੇ ਬੋਲ਼ੇ ਬੱਚੇ ਨੂੰ ਪਹਿਲਾਂ ਖੁਦ ਨੂੰ ਹੱਥਕੜੀ ਲਾਉਣ ਦਿੰਦਾ ਹੈ ਤੇ ਫਿਰ ਬਾਅਦ ਵਿੱਚ ਉਹ ਹੱਥਕੜੀ ਖੋਲ੍ਹਣ ਦਿੰਦਾ ਹੈ। ਉਸ ਮਹਿਲਾ ਨੇ ਇਹ ਵੀ ਦੱਸਿਆ ਕਿ ਧਾਲੀਵਾਲ ਹਮੇਸ਼ਾਂ ਸਾਡੇ ਨਾਲ ਹੱਸਦਾ ਹਸਾਉਂਦਾ ਰਹਿੰਦਾ ਸੀ ਤੇ ਉਹ ਬਹੁਤ ਹੀ ਨੇਕਦਿਲ ਇਨਸਾਨ ਸੀ। ...ਬਾਕੀ ਪੰਨਾ 6 'ਤੇ

# ਏਅਰ ਇੰਡੀਆ ਟਰਾਂਟੋ ਨਵੀਂ ਦਿੱਲੀ ਨੇ ਭਰੀ ਸਿੱਧੀ ਉਡਾਨ

## ਪੁਰੀ ਨੇ ਕੀਤਾ ਉਦਘਾਟਨ, ਨਹੀਂ ਰੁਕੇਗੀ ਅੰਮ੍ਰਿਤਸਰ !



ਏਅਰ ਇੰਡੀਆ ਦੀ ਫਲਾਈਟ ਦੇ ਉਦਘਾਟਨੀਂ ਸਮਾਰੋਹ ਸਮੇਂ ਰਿਬਨ ਕੱਟਦੇ ਹੋਏ ਹਰਦੀਪ ਸਿੰਘ ਪੁਰੀ,ਭਾਰਤੀ ਹਾਈ ਕਮਿਸ਼ਨਰ ਵਿਕਾਸ ਸਵਰੂਪ, ਨੀਨਾਂ ਟਾਂਗਰੀ,ਅਸ਼ਵਨੀ ਲੋਹਾਨੀ ਸੀ ਐਮ ਡੀ ਏਅਰ ਇੰਡੀਆ, ਅਮਰਜੋਤ ਸਿੱਧੂ, ਦੀਪਕ ਆਨੰਦ ਅਤੇ ਟਰਾਂਟੋ ਸਥਿੱਤ ਭਾਰਤੀ ਕਾਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ। ਫੋਟੋ: ਕੰਵਲਜੀਤ ਕੰਵਲ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਬੀਤੇ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਦੀ ਮੰਗ ਟਰਾਂਟੋ ਅੰਮ੍ਰਿਤਸਰ ਬੰਦ ਹੋਈ ਏਅਰ ਇੰਡੀਆ ਫਲਾਈਟ ਨੂੰ ਮੁੜ ਚਾਲੂ ਕਰਨ ਦੀ ਰਹੀ ਹੈ ਤਾਂ ਕਿ ਕੈਨੇਡਾ ਵਿੱਚ ਲੱਖਾਂ ਦੀ ਗਿਣਤੀ ਚ ਵੱਸਦੇ ਪੰਜਾਬੀ ਟਰਾਂਟੋ ਤੋਂ ਬੈਠ ਕੇ ਬਿਨਾਂ ਕਿਸੇ ਖੱਜਲ ਖੁਆਰੀ ਦੇ 12 ਤੋਂ 14 ਘੰਟਿਆਂ ਦੀ ਉਡਾਨ ਭਰਨ ਪਿੱਛੋਂ ਸਿੱਧੇ ਸ੍ਰੀ ਅੰਮ੍ਰਿਤਸਰ ਪੁੱਜ ਸਕਣ ਜਿੱਥੇ ਉਹਨਾਂ ਲਈ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਵੀ ਹੋ ਸਕਣ ਅਤੇ ਉਹਨਾਂ ਨੂੰ ਲੈਣ ਆਉਣ ਵਾਲੇ ਅਤੇ ਦਿੱਲੀ ਏਅਰ ਪੋਰਟ ਤੇ ਛੱਡਣ ਵਾਲਿਆਂ ਦੀ ਖੱਜਲ ਖਰਾਬੀ ਵੀ ਨਾਂ ਹੋਵੇ। ਟਰਾਂਟੋ ਦਿੱਲੀ ਅੰਮ੍ਰਿਤਸਰ ਦੇ ਨਾਂ ਤੇ ਪਰਚਾਰੀ ਜਾਣ ਵਾਲੀ ਏਅਰ ਇੰਡੀਆ ਦੀ ਇਹ ਉਡਾਨ ਜਿਸ ਦਾ ਰਸਮੀ ਉਦਘਾਟਨ ਅੱਜ ਟਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰ ਪੋਰਟ ਤੇ ਹੋਇਆ ...ਬਾਕੀ ਪੰਨਾ 6 'ਤੇ

# ਅਸੀਂ ਖੋਖਲੇ ਵਾਅਦਿਆਂ ਦੀ ਥਾਂ ਠੋਸ ਕਾਰਵਾਈ ਵਿੱਚ ਯਕੀਨ ਕਰਦੇ ਹਾਂ : ਜਗਮੀਤ ਸਿੰਘ

## ਸੰਗਠਿਤ ਜੁਰਮ ਨਾਲ ਨਜਿੱਠਣ ਲਈ ਐਨਡੀਪੀ ਵੱਲੋਂ ਆਪਣੀ ਯੋਜਨਾ ਦਾ ਖੁਲਾਸਾ



ਸਰ੍ਹੀ, 29 ਸਤੰਬਰ (ਪੋਸਟ ਬਿਊਰੋ) : ਬੀਸੀ ਵਿੱਚ ਸਿਰ ਚੁੱਕ ਰਹੇ ਸੰਗਠਿਤ ਜੁਰਮ ਨਾਲ ਨਜਿੱਠਣ ਲਈ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਪਣੀ ਯੋਜਨਾ ਦਾ ਖੁਲਾਸਾ ਕੀਤਾ। ਉਨ੍ਹਾਂ ਆਖਿਆ ਕਿ ਆਪਣੇ ਬੱਚਿਆਂ ਨੂੰ ਗੈਂਗਜ਼ ਦੇ ਚੁੰਗਲ ਵਿੱਚੋਂ ਬਾਹਰ ਰੱਖਣ ਲਈ ਅਸੀਂ ਉਸ ਥਾਂ ਕਾਰਵਾਈ ਕਰਾਂਗੇ ਜਿੱਥੇ ਲਿਬਰਲਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਜਗਮੀਤ ਸਿੰਘ ਨੇ ਆਖਿਆ ਕਿ ਸਰ੍ਹੀ ਦੇ ਲੋਕ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ ਪਰ ਲੋਕਾਂ ਦੀ ਗੱਲ ਸੁਣਨ ਦੀ ਥਾਂ ਉੱਤੇ ਜਸਟਿਨ ਟਰੂਡੋ ਦੀ ਅਗਵਾਈ ਵਾਲੇ ਲਿਬਰਲਾਂ ਨੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਜੁਰਮ ਨਾਲ ਆਪਣੇ ਦਮ ਉੱਤੇ ਨਜਿੱਠਣ ਲਈ ਛੱਡ ਕੇ ਟੈਕਸਦਾਤਾਵਾਂ ਦਾ 4.5 ਬਿਲੀਅਨ ਡਾਲਰ ਪਾਈਪਲਾਈਨ ਖਰੀਦਣ ਉੱਤੇ ਖਰਚ ਦਿੱਤਾ। ਪਰ ਐਨਡੀਪੀ ਦੀ ਪਹੁੰਚ ਵੱਖਰੀ ਹੈ। ਹੁਣ ਸਮਾਂ ਆਪਣੇ ਬੱਚਿਆਂ ਦੀ ਹਿਫਾਜ਼ਤ ਕਰਨ ਤੇ ਕਮਿਊਨਿਟੀਜ਼ ਨੂੰ ਗੈਂਗ ਹਿੰਸਾ ਤੋਂ ਬਚਾਉਣ ਦਾ ਹੈ। ਇਸ ਤਰ੍ਹਾਂ ਦੀ ਗੈਂਗ ਹਿੰਸਾ ਤੇ ਸੰਗਠਿਤ ਜੁਰਮ ਨਾਲ ਬੀਸੀ ਦੇ ਪਰਿਵਾਰਾਂ ਨੂੰ ਰੋਜ਼ਾਨਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਗਮੀਤ ਸਿੰਘ ਨੇ ਆਖਿਆ ਕਿ ਸੱਤਾ ਵਿੱਚ ਆਉਣ ਉੱਤੇ ਐਨਡੀਪੀ ਸਰਕਾਰ 100 ਮਿਲੀਅਨ ਡਾਲਰ ਦਾ ਫੰਡ ਨੌਜਵਾਨਾਂ ਨੂੰ ਗੈਂਗਜ਼ ਤੋਂ ਪਾਸੇ ਰੱਖਣ ਲਈ ਰਾਖਵਾਂ ਰੱਖੇਗੀ। ਅਜਿਹੇ ਪ੍ਰੋਗਰਾਮ ਚਲਾਏ ਜਾਣਗੇ ਜਿਨ੍ਹਾਂ ਨਾਲ ਨੌਜਵਾਨ ਆਪਣੀਆਂ ਕਮਿਊਨਿਟੀਜ਼ ਨਾਲ ਵੱਧ ਤੋਂ ਵੱਧ ਜੁੜਨ ਤੇ ਕਮਿਊਨਿਟੀਜ਼ ਦੇ ਕੰਮਾਂ ਵਿੱਚ ਸ਼ਾਮਲ ਹੋਣ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto Business Trucking Life Insurance Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


VOTE
Baljit Bawa
FOR BRAMPTON CENTRE
PPC
PEOPLE'S PARTY OF CANADA
Key Focus
Affordability for Canadian's
Lower income taxes and No corporate welfare
Economic Immigration with a focus on integration
Fight climate change
Focusing on security and prosperity of Canadians by investing in safer communities
416-728-4142
info@electbawa.ca
25 Kings Cross Rd


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਲੱਗ ਪਿਆ ਕੱਢਣ ਪਿਆਜ਼ ਸੀ ਜਦੋਂ ਹੰਝੂ,
ਮੁੜ ਕੇ ਨੀਂਦਰ ਤੋਂ ਜਾਗੀ ਸਰਕਾਰ ਬੇਲੀ।
ਵਧਦੀ ਕੀਮਤ ਨੂੰ ਰੋਕ ਜੀ ਕਿਵੇਂ ਲਾਉਣੀ,
ਲੱਗ ਪਈ ਹੋਣ ਫਿਰ ਸੋਚ-ਵਿਚਾਰ ਬੇਲੀ।
ਮਹਾਰਾਸ਼ਟਰ ਦੇ ਅੰਦਰ ਪਿਆਜ਼ ਉੱਗਣ,
ਹਰਿਆਣੇ ਤੀਕ ਵੀ ਮੁੱਲ ਦੀ ਮਾਰ ਬੇਲੀ।
ਮਿਲਦਾ ਈ ਕੱਖ ਕਿਸਾਨ ਨੂੰ ਨਹੀਂ ਓਧਰ,
ਏਧਰ ਹੋਇਆ ਪਿਆ ਮੱਠਾ ਵਪਾਰ ਬੇਲੀ।
ਰਾਜਾਂ ਦੋਵਾਂ ਵਿੱਚ ਆ ਗਈਆਂ ਹਨ ਚੋਣਾਂ,
ਲੋਕੀਂ ਦੋਹੀਂ ਥਾਂ ਬਹੁੜੀਆਂ ਪਾਉਣ ਬੇਲੀ।
ਕਾਬੂ ਕਰਿਆ ਪਿਆਜ਼ ਨਾ ਗਿਆ ਜੇਕਰ,
ਪੱਲੇ ਪੈ ਜਾਊਗਾ ਰੋਣ-ਪਛਤਾਉਣ ਬੇਲੀ।

ਤੀਸ ਮਾਰ ਖਾਂ

# ਭਾਜਪਾ ਵੱਲੋਂ ਐਲਾਨ: ਫਗਵਾੜਾ ਤੋਂ ਰਾਜੇਸ਼ ਬਾਘਾ ਤੇ ਮੁਕੇਰੀਆਂ ਤੋਂ ਜੰਗੀ ਲਾਲ ਮਹਾਜਨ ਚੋਣ ਲੜਨਗੇ

*** ਪੰਜਾਬ ਸਮੇਤ 13 ਰਾਜਾਂ ਲਈ 32 ਉਮੀਦਵਾਰਾਂ ਦੇ ਨਾਂਅ ਐਲਾਨੇ * ਹਰਿਆਣਾ ਲਈ 50 ਉਮੀਦਵਾਰਾਂ ਦੇ ਨਾਂ ਉੱਤੇ ਮੋਹਰਲੱਗੀ**





ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਚੋਣਾਂ ਦੇ ਉਮੀਦਵਾਰਾਂ ਦੇ ਨਾਵਾਂ ਦੀ ਚੋਣ ਕਰਨ ਲਈ ਅੱਜ ਐਤਵਾਰ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਬੈਠਕ ਤੋਂ ਪਿਛੋਂਮੁੱਖ ਮੰਤਰੀ ਮਨੋਹਰ ਲਾਲ ਖੱਟੜ ਭਰੋਸੇ ਵਿੱਚ ਜਾਪਦੇ ਹਨ। ਪਤਾ ਲੱਗਾ ਹੈ ਕਿ ਕਾਫੀ ਕੰਮ ਉਨ੍ਹਾਂ ਦੀ ਮਰਜ਼ੀ ਮੁਤਾ-ਬਕ ਹੋਇਆ ਹੈ। ਹਰਿਆਣਾ ਭਵਨ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਅਨਿਲ ਜੈਨ ਨੇ ਦੱਸਿਆ ਕਿ ਭਾਜਪਾ ਦੇ ਉਮੀਦਵਾਰਾਂ ਦੀ ਲਿਸਟ ਵਾਸਤੇ ਕੀਤੀ ਬੈਠਕਦੌਰਾਨ ਹਰਿਆਣਾ ਲਈ ਲਗਭਗ 50 ਨਾਂਵਾਂ ਉੱਤੇ ਮੋਹਰ ਲਾ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇ ਪੀ ਨੱਡਾ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ, ਰਾਜ ਸਭਾ ਮੈਂਬਰ ਅਤੇ ਸੂਬਾ ਪ੍ਰਧਾਨ ਡਾ. ਅਨਿਲ ਜੈਨ ਅਤੇ ਹੋਰ ਸ਼ਾਮਲ ਸਨ, ਵਿੱਚ ਅੱਜ 13 ਰਾਜਾਂ ਦੀਆਂ 32 ਵਿਧਾਨ ਸਭਾ ਅਤੇ ਕਈ ਲੋਕ ਸਭਾ ਹਲਕਿਆਂ ਦੀਆਂ ਚੋਣਾਂ ਲਈ ਨਾਵਾਂ ਨੂੰ ਅੰਤਮ ਰੂਪ ਦਿੱਤਾ ਗਿਆ ਹੈ। ਮਹਾਰਾਸ਼ਟਰ ਅਤੇ ਹਰਿਆਣਾ ਦੇ ਉਮੀਦਵਾਰਾਂ ਦੀ ਚੋਣ ਦਾ ਕਾਫੀ ਕੰਮ ਵੀ ਇਸ ਦੌਰਾਨ ਨਿਬੇੜ ਲਿਆ ਗਿਆ ਹੈ।

ਪੰਜਾਬ ਦੀ ਫਗਵਾੜਾਵਿਧਾਨ ਸਭਾ ਸੀਟ, ਜਿਹੜੀ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਵੱਲੋਂ ਹੁਸ਼ਿਆਰਪੁਰ ਤੋਂਲੋਕ ਸਭਾ ਮੈਂਬਰ ਚੁਣੇ ਜਾਣ ਦੇ ਕਾਰਨ ਖਾਲੀ ਹੋਈ ਸੀ, ਤੋਂ ਰਾਜੇਸ਼ ਬਾਘਾ ਨੂੰ ਟਿਕਟ ਦੇ ਦਿੱਤੀ ਗਈ ਹੈ। ਕਾਂਗਰਸ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਨਾਲ ਖਾਲੀ ਹੋਈ ਮੁਕੇਰੀਆਂ ਸੀਟ ਤੋਂ ਭਾਜਪਾ ਨੇ ਜੰਗੀ ਲਾਲ ਮਹਾਜਨ ਨੂੰ ਉਮੀਦਵਾਰ ਬਣਾਇਆ ਹੈ। ਇਸ ਦੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਧਰਮਸ਼ਾਲਾਅਸੈਂਬਲੀ ਤੋਂ ਵਿਸ਼ਾਲ ਨੈਹਰੀਆ ਨੂੰ ਖੜਾ ਕੀਤਾ ਹੈ।ਫਗਵਾੜਾ ਵਿਧਾਨ ਸਭਾ ਹਲਕੇਦੀ ਉੱਪ ਚੋਣ ਲਈ ਭਾਜਪਾ ਟਿਕਟ ਵਾਸਤੇ ਖਿੱਚਧੂਹ ਬਹੁਤ ਜ਼ਿਆਦਾ ਚੱਲ ਰਹੀ ਸੀ, ਪਰ ਅੰਤ ਵਿੱਚ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਜੇਸ਼ ਬਾਘਾ ਨੂੰ ਟਿਕਟ ਮਿਲ ਗਈ ਹੈ। ਇਸ ਹਲਕੇ ਦੀ ਟਿਕਟਲਈ ਅਨੀਤਾ ਸੋਮ ਪ੍ਰਕਾਸ਼, ਸਾਹਿਲ ਸਾਂਪਲਾ ਤੇ ਰਜੇਸ਼ ਬਾਘਾ ਵਿਚਾਲੇ ਖਿੱਚੋਤਾਣ ਚੱਲ ਰਹੀ ਸੀ, ਪਰ ਸੋਮ ਪ੍ਰਕਾਸ਼ ਤੇ ਵਿਜੇ ਸਾਂਪਲਾ ਦੀ ਧੜੇਬਾਜ਼ੀ ਨੇ ਰਜੇਸ਼ ਬਾਘਾ ਦੇ ਹੱਕ ਵਿੱਚ ਫੈਸਲਾ ਕਰਵਾ ਦਿੱਤਾ। ਜਲੰਧਰ ਦੇ ਪਿੰਡ ਬੋਲੀਨਾ ਦੋਆਬਾ ਦੇ ਵਸਨੀਕ ਰਜੇਸ਼ ਬਾਘਾ ਲੰਮੇ ਸਮੇਂ ਤੋਂਭਾਜਪਾ ਨਾਲ ਜੁੜੇ ਹੋਏ ਹਨ ਅਤੇ ਵੱਖ-ਵੱਖ ਅਹੁਦਿਆਂ ਉੱਤੇ ਕੰਮ ਕਰਨ ਤੋਂ ਇਲਾਵਾ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਤੇ ਮੀਤ ਪ੍ਰਧਾਨ ਵੀ ਰਹਿ ਚੁੱਕੇ ਹਨ। ਰਜੇਸ਼ ਬਾਘਾ ਨੂੰ ਟਿਕਟ ਦਿਵਾਉਣ ਵਿੱਚ ਆਰ ਐੱਸ ਐੱਸ ਦੀ ਵੱਡੀ ਭੂਮਿਕਾ ਮੰਨੀ ਜਾ ਰਹੀ ਹੈ।

# ਇੱਕ ਵਾਰੀ ਫਿਰ ਲਿਬਰਲਾਂ ਨੇ ਫਾਰਮਾਕੇਅਰ ਦਾ ਮੁੱਦਾ ਠੰਢੇ ਬਸਤੇ ਵਿੱਚ ਪਾਇਆ

ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਅੱਜ ਤੋਂ 22 ਸਾਲ ਪਹਿਲਾਂ ਲਿਬਰਲਾਂ ਵੱਲੋਂ ਫਾਰਮਾਕੇਅਰ ਦਾ ਵਾਅਦਾ ਕੀਤਾ ਗਿਆ ਸੀ।ਇਸ ਹਫਤੇ ਫਿਰ ਇੱਕ ਵਾਰੀ ਲਿਬਰਲਾਂ ਨੇ ਫਾਰਮਾਕੇਅਰ ਵਾਲੇ ਵਾਅਦੇ ਦਾ ਭੋਗ ਪਾ ਦਿੱਤਾ।

ਮਾਹਿਰਾਂ ਦਾ ਕਹਿਣਾ ਹੈ ਕਿ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਲਈ ਜੋ ਕੁੱਝ ਚਾਹੀਦਾ ਹੈ, ਲਿਬਰਲਾਂ ਦੀ ਯੋਜਨਾ ਉਸ ਦੇ ਨੇੜੇ ਵੀ ਨਹੀਂ ਖੜ੍ਹਦੀ। ਹਕੀਕਤ ਇਹ ਹੈ ਕਿ ਟਰੂਡੋ ਦੇ ਪਲੇਟਫਾਰਮ ਵਿੱਚ ਫਾਰਮਾਕੇਅਰ ਦੇ ਸਬੰਧ ਵਿਚ ਇੱਕ ਪੈਰਾ ਸਿਰਫ ਨਾਮਾਤਰ ਹੈ। ਇਸ ਵਿੱਚ ਆਖਿਆ ਗਿਆ ਹੈ ਕਿ ਸੱਤਾ ਵਿੱਚ ਆਉਣ ਉੱਤੇ ਅਸੀਂ ਨੈਸ਼ਨਲ ਯੂਨੀਵਰਸਲ ਫਾਰਮਾਕੇਅਰ ਲਾਗੂ ਕਰਵਾਉਣ ਲਈ ਅਗਲੇ ਕਦਮ ਚੁੱਕਾਂਗੇ ਤਾਂ ਕਿ ਸਾਰੇ ਕੈਨੇਡੀਅਨਾਂ ਨੂੰ ਕਿਫਾਇਤੀ ਕੀਮਤਾਂ ਉੱਤੇ ਉਹ ਦਵਾਈਆਂ ਮਿਲ ਸਕਣ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ।

ਟਰੂਡੋ ਦੇ ਇਨ੍ਹਾਂ ਬੋਲਾਂ ਨੂੰ ਪੁਗਾਉਣ ਲਈ ਇਸ ਪਲੇਟਫਾਰਮ ਵਿੱਚ ਕਿਤੇ ਵੀ ਕਿਸੇ ਤਰ੍ਹਾਂ ਦਾ ਵੇਰਵਾ ਜਾਂ ਫੰਡਾਂ ਦਾ ਜ਼ਿਕਰ ਸ਼ਾਮਲ ਨਹੀਂ ਹੈ। ਕੈਨੇਡੀਅਨਾਂ ਲਈ ਫਾਰਮਾਕੇਅਰ ਲਿਆਉਣ ਦਾ ਲਾਰਾ ਲਾਉਣ ਤੋਂ ਛੇ ਦਿਨ ਬਾਅਦ ਹੀ ਟਰੂਡੋ ਨੇ ਪ੍ਰਿਸਕ੍ਰਾਈਬ ਕੀਤੀਆਂ ਗਈਆਂ ਮਹਿੰਗੀਆ ਦਵਾਈਆਂ ਦੇ ਮੁੱਦੇ ਨਾਲ ਜੂਝ ਰਹੇ ਕੈਨੇਡੀਅਨਾਂ ਦਾ ਪੱਲਾ ਛੱਡ ਦਿੱਤਾ ਹੈ ਤੇ ਇਸ ਮੁੱਦੇ ਉੱਤੇ ਹੀ ਚੁੱਪ ਵੱਟ ਲਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਹਾਊਸਿੰਗ ਉੱਤੇ ਹਾਰਪਰ ਨਾਲੋਂ ਵੀ ਘੱਟ ਖਰਚ ਕਰਨਾ ਚਾਹੁੰਦੇ ਹਨ ਟਰੂਡੋ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਜੂਨ ਵਿੱਚ ਇੰਡੀਪੈਂਡੈਂਟ ਪਾਰਲੀਆਮੈਂਟਰੀ ਬਜਟ ਆਫੀਸਰ ਨੇ ਪਾਇਆ ਕਿ ਹਾਊਸਿੰਗ ਦੇ ਖੇਤਰ ਵਿੱਚ ਜਸਟਿਨ ਟਰੂਡੋ, ਸਟੀਫਨ ਹਾਰਪਰ ਦੇ ਮੁਕਾਬਲੇ 19 ਫੀ ਸਦੀ ਘੱਟ ਖਰਚ ਕਰਨਗੇ।

ਉਨ੍ਹਾਂ ਇਹ ਵੀ ਲਿਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੈ ਕਿ 2017 ਦੇ ਮੁਕਾਬਲੇ ਨੈਸ਼ਨਲ ਹਾਊਸਿੰਗ ਸਟਰੈਟੇਜੀ ਤਹਿਤ ਹਾਊਸਿੰਗ ਦੀ ਲੋੜ ਤੇ ਪ੍ਰਸਾਰ ਘੱਟ ਜਾਵੇਗਾ। ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਫੈਸਰ ਡੇਵਿਡ ਹਲਚੈਂਕਸੀ ਨੇ ਆਖਿਆ ਕਿ ਲਿਬਰਲ ਪਾਰਟੀ ਤੇ ਸੀਐਮਐਚਸੀ ਨੇ ਇਨ੍ਹਾਂ ਸਾਰਿਆਂ ਨੂੰ ਰਲਗੱਡ ਕਰਕੇ ਬਹੁਤ ਵੱਡਾ ਬਣਾ ਦਿੱਤਾ ਹੈ ਜਿਵੇਂ ਕਿ ਕੋਈ ਬਹੁਤ ਮਹਾਨ ਡੀਲ ਹੋਣ ਜਾ ਰਹੀ ਹੋਵੇ।

ਪਰ ਇਸ ਤਰ੍ਹਾਂ ਦਾ ਕੁੱਝ ਖਾਸ ਨਹੀਂ ਵਾਪਰਨ ਜਾ ਰਿਹਾ। ਹਾਊਸਿੰਗ ਦੀਆ ਲੋੜਾਂ ਨੂੰ ਪੂਰਾ ਕਰਨ ਤੇ ਹਾਊਸਿੰਗ ਉੱਤੇ ਮੌਜੂਦਾ ਖਰਚਾ ਇਤਿਹਾਸਕ ਤੌਰ ਉੱਤੇ ਫੈਡਰਲ ਬਜਟ ਦਾ ਬਹੁਤ ਘੱਟ ਫੀ ਸਦੀ ਹੀ ਰਹਿਣ ਵਾਲਾ ਹੈ। ਅੱਜ ਵਾਲੇ ਪਲੇਟਫਾਰਮ ਵਿੱਚ ਹਾਊਸਿੰਗ ਲਈ ਕਿਸੇ ਤਰ੍ਹਾਂ ਦੀ ਨਵੀਂ ਫੰਡਿੰਗ ਦਾ ਵਾਅਦਾ ਨਹੀਂ ਕੀਤਾ ਗਿਆ। ਇਸ ਨਾਲ ਇਸ ਗੱਲ ਦੀ ਵੀ ਪੁਸ਼ਟੀ ਹੋ ਗਈ ਹੈ ਕਿ ਹਾਊਸਿੰਗ ਦੀਆਂ ਕੀਮਤਾਂ ਦੇ ਮਾਮਲੇ ਵਿੱਚ ਸਟੀਫਨ ਹਾਰਪਰ ਦੇ ਮੁਕਾਬਲੇ ਟਰੂਡੋ ਦੀ ਵੀ ਕੁੱਝ ਖਾਸ ਕਰਨ ਦੀ ਮੰਸ਼ਾ ਨਹੀਂ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਆਰਥਿਕ ਤੰਗੀ ਨਾਲ ਜਲਦੀ ਬੁੱਢੇ ਹੋ ਜਾਂਦੇ ਹਨ ਲੋਕ



ਲੰਡਨ, 29 ਸਤੰਬਰ (ਪੋਸਟ ਬਿਊਰੋ)- ਜੋ ਲੋਕ ਜੀਵਨ ਦੇ ਚਾਰ ਸਾਲ ਆਰਥਿਕ ਤੰਗੀ ਦੇ ਗੁਜ਼ਾਰਦੇ ਹਨ, ਉਹ ਜਲਦੀ ਹੀ ਬੁੱਢੇ ਹੋ ਜਾਂਦੇ ਹਨ। ਇੱਕ ਤਾਜ਼ਾ ਖੋਜ ਵਿੱਚ ਇਹ ਦਾਅਵਾ ਕੀਤਾ ਗਿਆ ਹੈ।

ਇਸ ਖੋਜ ਵਿੱਚ ਆਰਥਿਕ ਤੰਗੀ ਦਾ ਉਮਰ ਵਧਣ 'ਤੇ ਹੋਣ ਵਾਲੇ ਪ੍ਰਭਾਵ ਦੀ ਜਾਂਚ ਕੀਤੀ ਗਈ ਹੈ। ਯੂਰਪੀਅਨ ਜਰਨਲ ਆਫ ਏਜਿੰਗ ਵਿੱਚ ਇਹ ਖੋਜ ਛਪੀ ਹੈ। ਖੋਜ ਵਿੱਚ ਆਰਥਿਕ ਤੰਗੀ ਦੇ ਮਾਪਦੰਡ ਲਈ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਗਿਆ, ਜੋ ਘੱਟ ਆਮਦਨ ਵਰਗ ਦੇ ਸਨ। ਖੋਜਕਾਰਾਂ ਨੇ ਅੱਧਖੜ ਉਮਰ ਦੇ 5,575 ਬਾਲਗਾਂ ਉਤੇ ਖੋਜ ਕੀਤੀ। ਇਨ੍ਹਾਂ ਵਿੱਚ 18 ਫੀਸਦੀ ਲੋਕ ਅਜਿਹੇ ਸਨ, ਜਿਨ੍ਹਾਂ ਨੇ 1987 ਤੋਂ ਲੈ ਕੇ 2008 ਤੱਕ ਆਰਥਿਕ ਤੰਗੀ ਝੱਲੀ ਸੀ। ਇਸ ਟੀਮ ਨੇ ਉਮਰ ਦੇ ਤੇਜ਼ੀ ਨਾਲ ਵਧਣ ਦੀ ਪ੍ਰਕਿਰਿਆ ਨੂੰ ਸਰੀਰਕ ਤੇ ਗਿਆਨ-ਾਤਮਕ ਸਰਗਰਮੀਆਂ ਅਨੁਸਾਰ ਮਾਪਿਆ। ਇਨ੍ਹਾਂ ਸਰਗਰਮੀਆਂ ਵਿੱਚ ਕੁਰਸੀ ਚੁੱਕਣਾ, ਟੱਪਣਾ ਅਤੇ ਸੰਤੁਲਨ ਬਣਾਉਣ ਸ਼ਾਮਲ ਸੀ। ਖੋਜਕਾਰਾਂ ਨੇ ਪਤਾ ਕੀਤਾ ਕਿ ਜੋ ਲੋਕ ਚਾਰ ਸਾਲ ਜਾਂ ਉਸ ਤੋਂ ਵੱਧ ਸਮੇਂ ਤੱਕ ਗਰੀਬੀ ਵਿੱਚ ਰਹੇ ਸਨ, ਉਨ੍ਹਾਂ ਆਰਥਿਕ ਤੰਗੀ ਨਾਲ ਨਾ ਜੂਝਣ ਵਾਲੇ ਲੋਕਾਂ ਦੇ ਮੁਕਾਬਲੇ ਖਰਾਬ ਪ੍ਰਦਰਸ਼ਨ ਕੀਤਾ। ਇਸ ਖੋਜ 'ਚ ਇੱਕ ਹੋਰ ਤੱਥ ਨਿਕਲ ਕੇ ਸਾਹ-ਮਣੇ ਆਇਆ ਕਿ ਘੱਟ ਉਮਰ 'ਚ ਕੁਝ ਸਮੇਂ ਦੇ ਲਈ ਗਰੀਬੀ ਝੱਲਣ ਨਾਲ ਉਮਰ ਤੇਜ਼ੀ ਨਾਲ ਨਹੀਂ ਵਧਦੀ। ਬਾਅਦ ਦੀ ਉਮਰ ਵਿੱਚ ਨੌਕਰੀ ਚਲੇ ਜਾਣ ਜਾਂ ਕਿਸੇ ਹੋਰ ਕਾਰਨ ਨਾਲ ਆਰਥਿਕ ਤੰਗੀ ਝੱਲਣ ਵਾਲੇ ਲੋਕਾਂ ਦੀ ਉਮਰ ਤੇਜ਼ੀ ਨਾਲ ਵਧਣ ਲੱਗਦੀ ਹੈ। ਏਥੋਂ ਪਤਾ ਲੱਗਦਾ ਹੈ ਕਿ ਘੱਟ ਉਮਰ ਵਿੱਚ ਉਚ ਸਿਖਿਆ ਜਾਂ ਸ਼ਾਰਟ ਟਰਮ ਨੌਕਰੀ ਦੇ ਕਾਰਨ ਹੋਣ ਵਾਲੀ ਆਰਥਿਕ ਤੰਗੀ ਬਾਅਦ ਦੀ ਉਮਰ 'ਚ ਹੋਣ ਵਾਲੀਆਂ ਪਰੇਸ਼ਾਨੀਆਂ ਨਾਲੋਂ ਘੱਟ ਤਣਾਅ ਪੂਰਨ ਹੁੰਦੀ ਹੈ।

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਭਾਰਤ ਵਿੱਚ ਮੰਦੀ ਦਾ ਅਸਰ ਸੀ ਆਰ ਪੀ ਜਵਾਨਾਂ ਉੱਤੇ ਪਿਆ!

## * ਸਤੰਬਰ ਦੀ 'ਅਧੂਰੀ' ਤਨਖ਼ਾਹ ਦਿੱਤੇ ਜਾਣ ਦੀ ਚਰਚਾ ਛਿੜੀ



ਚੰਡੀਗੜ੍ਹ, 29 ਸਤੰਬਰ, (ਪੋਸਟ ਬਿਊਰੋ)- ਭਾਰਤ ਵਿਚਲੀ ਆਰਥਿਕ ਮੰਦੀ ਦਾ ਅਸਰਸੁਰੱਖਿਆ ਬਲਾਂ ਉੱਤੇ ਪੈਣ ਲੱਗ ਪਿਆ ਹੈ। ਇੱਕ ਮੀਡੀਆ ਰਿਪੋਰਟ ਅਨੁਸਾਰ ਭਾਰਤ ਦੀ ਸਭ ਤੋਂ ਵੱਡੀ ਪੈਰਾ-ਮਿਲਟਰੀ ਫੋਰਸ ਸੀਆਰਪੀਐਫ ਲਈ ਇੰਨੇ ਪੈਸੇ ਨਹੀਂ ਮਿਲੇ ਕਿ ਉਹ ਸਤੰਬਰ ਲਈ ਜਵਾਨਾਂ ਦੀ ਤਨਖਾਹ ਨਾਲ ਰਾਸ਼ਨ-ਭੱਤਾ ਦੇ ਸਕੇ।

ਅਖਬਾਰ 'ਦ ਟੈਲੀਗ੍ਰਾਫ' ਦੀ ਰਿਪੋਰਟ ਹੈ ਕਿ ਨਰਿੰਦਰ ਮੋਦੀ ਸਰਕਾਰ ਕੋਲ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਲੱਗੇ ਹੋਏ 3 ਲੱਖ ਤੋਂ ਵੱਧ ਸੀਆਰਪੀਐਫ ਜਵਾਨਾਂ ਨੂੰ ਭੱਤੇ ਦੇਣ ਲਈ ਪੈਸੇ ਨਹੀਂ ਸਨ। ਵਰਨਣ ਯੋਗ ਹੈ ਕਿ ਸੀਆਰਪੀਐਫ ਦੇ ਜਵਾਨਾਂ ਨੂੰ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਰਾਸ਼ਨ-ਭੱਤੇ ਵਜੋਂ ਮਿਲਦੇ ਹਨ।ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਜੁਲਾਈ, ਅਗਸਤ ਤੇ ਸਤੰਬਰ ਦੇ ਮਹੀਨਿਆਂ ਲਈ 800 ਕਰੋੜ ਰੁਪਏ ਦਾ ਬਕਾਇਆ ਹਾਲੇ ਦੇਣਾ ਹੈ, ਜਿਹੜਾ ਜਾਰੀ ਨਾ ਕੀਤਾ ਜਾਣ ਕਾਰਨ ਜਵਾਨਾਂ ਨੂੰ ਰਾਸ਼ਨ ਭੱਤਾ ਮਿਲਣ ਵਿੱਚ ਮੁਸ਼ਕਲ ਆ ਰਹੀ ਹੈ। ਇਹ ਜਾਣਕਾਰੀ ਵਿਭਾਗੀ ਸੰਪਰਕ ਰਾਹੀਂ ਜਵਾਨਾਂ ਨੂੰ ਦਿੱਤੀ ਗਈ ਹੈ। ਇਸ ਰਿਪੋਰਟ ਵਿੱਚ ਸੀਆਰਪੀ ਐਫ ਦੇ ਇੱਕ ਸੀਨੀਅਰ ਅਫਸਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਹ ਪਹਿਲਾ ਮੌਕਾ ਹੈ ਕਿ ਰਾਸ਼ਨ ਭੱਤਾ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿਛਲੇ ਹਫਤੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨਾਲ ਬਕਾਏ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਦੇਸ਼ ਦੀ ਲੜਖੜਾਉਂਦੀ ਆਰਥਿਕਤਾ ਦਾ ਹਵਾਲਾ ਦਿੱਤਾ ਸੀ।ਇਸ ਅਧਿਕਾਰੀ ਨੇ ਕੇਂਦਰਸਰਕਾਰ ਬਾਰੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ, 'ਭੱਤਾ ਰੋਕਣ ਦਾ ਫੈਸਲਾ ਪ੍ਰਧਾਨ ਮੰਤਰੀ ਦੇ ਇਸ ਦਾਅਵੇ ਦੇ ਉਲਟ ਹੈ ਕਿ ਉਹ ਸੁਰੱਖਿਆ ਫੋਰਸਾਂ ਨੂੰ ਲੜਾਈ ਲਈ ਫਿਟ ਬਣਾਉਣ ਨੂੰ ਪਹਿਲ ਦੇਂਦੇ ਹਨ।'ਪਤਾ ਲੱਗਾ ਹੈ ਕਿ ਇਹ ਸਭ ਗੱਲਾਂ ਵਿਭਾਗੀ ਸੰਪਰਕ ਦੀ ਕਾਪੀ ਦੇ ਹਵਾਲੇ ਨਾਲ ਕਹੀਆਂ ਗਈਆਂ ਹਨ। ਰਿਪੋਰਟ ਅਨੁਸਾਰ ਇਸ ਵਿਭਾਗੀ ਸੰਪਰਕ ਦੀ ਕਾਪੀ ਵਿੱਚ ਲਿਖਿਆ ਹੈ ਕਿ ਸੀਓਆਰ (ਕੈਸ਼ ਆਨ ਰਿਜ਼ਰਵ) ਹਾਲ ਦੀ ਘੜੀ ਉਪਲਬਧ ਨਹੀਂ, ਇਸ ਲਈ ਸਤੰਬਰ ਦਾ ਰਾਸ਼ਨ ਭੱਤਾ ਦੇਣਾ ਸੰਭਵ ਨਹੀਂ। ਕ੍ਰਿਪਾ ਕਰਕੇ ਸਾਰੇ ਸਬੰਧਤ ਫੌਜੀਆਂ ਨੂੰ ਇਸ ਬਾਰੇ ਜਾਣਕਾਰੀ ਦੇ ਦਿਓ।' ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਸੀ ਹੋਇਆ।

# ਭਾਰਤ ਵਿਰੁੱਧ ਮਲੇਸ਼ੀਆਈ ਪ੍ਰਧਾਨ ਮੰਤਰੀ ਪਾਕਿਸਤਾਨ ਨਾਲ ਖੁੱਲ੍ਹ ਕੇ ਜਾ ਖੜੋਤਾ

## * ਕਸ਼ਮੀਰ ਉੱਤੇ ਹਮਲਾ ਕਰਕੇ ਭਾਰਤ ਨੇ ਕਬਜ਼ਾ ਕੀਤੈ : ਮਹਾਤਿਰ



ਯੂ ਐੱਨ ਓ, 29 ਸਤੰਬਰ, (ਪੋਸਟ ਬਿਊਰੋ)- ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਯੂ ਐੱਨ ਜਨਰਲ ਅਸੈਂਬਲੀ ਵਿੱਚਬੋਲਦੇ ਹੋਏ ਕਸ਼ਮੀਰ ਦਾ ਮੁੱਦਾ ਚੁੱਕ ਕੇ ਦੋਸ਼ ਲਾਇਆ ਕਿ ਭਾਰਤ ਨੇ ਜੰਮੂ ਕਸ਼ਮੀਰ ਉੱਤੇ ਹਮਲਾ ਕਰਕੇ ਕਬਜ਼ਾ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਗੱਲ ਵੀ ਕਹਿ ਦਿੱਤੀ ਕਿ ਭਾਰਤ ਸਰਕਾਰ ਨੂੰ ਇਸ ਮਸਲੇ ਦੇ ਹੱਲ ਲਈ ਪਾਕਿ-ਸਤਾਨ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਬੀਤੇ ਸ਼ੁੱਕਰਵਾਰ ਯੂ ਐੱਨ ਜਨਰਲ ਅਸੈਂਬਲੀ ਵਿੱਚ ਬੋਲਦੇ ਹੋਏ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦਨੇਕਿਹਾ ਕਿ ਜੰਮੂ ਕਸ਼ਮੀਰ ਵਿੱਚ ਭਾਰਤ ਵੱਲੋਂ ਕਾਰਵਾਈ ਦੇ ਕਈ ਕਾਰਨ ਹੋ ਸਕਦੇ ਹਨ, ਪਰ ਇਸ ਦੇ ਬਾਵਜੂਦ ਇਹ ਗਲਤ ਹੈ।ਉਨ੍ਹਾਂ ਕਿਹਾ ਕਿ ਯੂ ਐੱਨ ਓ ਦੇ ਮਤਿਆਂ ਦੇ ਬਾਵਜੂਦ ਕਸ਼ਮੀਰ ਉੱਤੇ ਹਮਲਾ ਕੀਤਾ ਅਤੇ ਫਿਰ ਕਬਜ਼ਾ ਕੀਤਾ ਗਿਆ ਹੈ। ਮਹਾਤਿਰ ਮੁਹੰਮਦਨੇ ਕਿਹਾ ਕਿ ਯੂ ਐੱਨ ਓ ਦੀ ਅਣਦੇਖੀ ਨਾਲ ਹੋਰ ਦੇਸ਼ਾਂ ਵੱਲੋਂਯੂ ਐੱਨ ਓ ਅਤੇ ਕਾਨੂੰਨ ਦੇ ਰਾਜ ਦੀ ਉਲੰਘਣਾ ਦੇ ਮਾਮਲੇ ਵੀ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸ ਸਮੱਸਿਆ ਨੂੰ ਹੱਲ ਕਰਨ ਲਈ ਪਾਕਿਸਤਾਨ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਬਾਅਦ ਵਿੱਚਯੂ ਐੱਨ ਹੈੱਡ ਕੁਆਰਟਰ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਵਕਤਮਹਾਤਿਰ ਮੁਹੰਮਦ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਵਿੱਚ ਮੁਲਾਕਾਤ ਵੇਲੇ ਉਨ੍ਹਾਂ ਨੂੰ ਇਹ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਜੰਮੂ ਕਸ਼ਮੀਰ ਤੋਂ ਵਿਸ਼ੇਸ਼ ਦਰਜਾ ਕਿਉਂ ਵਾਪਸ ਲਿਆ ਤਾਂ ਉਨ੍ਹਾਂ ਨੇ ਭਾਰਤੀ ਪ੍ਰਧਾਨ ਮੰਤਰੀ ਨੂੰ ਕਸ਼ਮੀਰ ਮੁੱਦੇ ਨੂੰ ਹਮਲੇ ਦੀ ਬਜਾਏ ਗੱਲਬਾਤ ਨਾਲ ਹੱਲ ਕਰਨ ਦੀ ਸਲਾਹ ਦਿੱਤੀ ਸੀ।

ਵਰਨਣ ਯੋਗ ਹੈ ਕਿ ਭਾਰਤ ਨੇ ਸੰਸਾਰ ਭਾਈਚਾਰੇ ਨੂੰ ਸਪੱਸ਼ਟ ਕਿਹਾ ਹੈ ਕਿ ਧਾਰਾ-370 ਖਤਮ ਕਰਨਾ ਉਸ ਦਾ ਅੰਦਰੂਨੀ ਮਾਮਲਾ ਹੈ। ਕਸ਼ਮੀਰ ਬਾਰੇ ਭਾਰਤ-ਪਾਕਿਸਤਾਨ ਵਿਚਾਲੇ ਕਿਸੇ ਤੀਜੇ ਪੱਖ ਦੀ ਵਿਚੋਲਗੀ ਦੀ ਹਰ ਗੁਜਾਇੰਸ਼ ਨੂੰਭਾਰਤ ਇਹ ਕਹਿ ਕੇ ਰੱਦ ਕਰ ਚੁੱਕਾ ਹੈ ਕਿ ਦੋਵੇਂ ਦੇਸ਼ ਦੁਵੱਲੇ ਮੁੱਦਿਆਂ ਉੱਤੇ ਚਰਚਾ ਕਰ ਕੇਕੋਈ ਹੱਲ ਲੱਭ ਸਕਦੇ ਹਨ। ਮਹਾਤਿਰ ਮੁਹੰਮਦ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਰੂਸ ਦੇ ਸ਼ਹਿਰ ਵਲਾਦੀਵੋਸਤੋਕ ਵਿੱਚ ਆਰਥਿਕ ਮੰਚ ਦੀ ਬੈਠਕ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ।

# ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਅੱਬਾਸੀ ਨਾਲ ਪੁੱਛਗਿੱਛ ਦੌਰਾਨ ਕੁੱਟਮਾਰ



ਲਾਹੌਰ, 29 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਦੀ ਪੁੱਛਗਿੱਛ ਦੌਰਾਨ ਅਫਸਰਾਂ ਵਲੋਂ ਕੁੱਟਮਾਰ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ।

ਦੱਸਿਆ ਜਾ ਰਿਹਾ ਹੈ ਕਿ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ (ਐਨ ਏ ਬੀ ) ਦਾ ਇਕ ਅਫਸਰ ਪੁੱਛਗਿੱਛ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਅੱਬਾਸੀ ਨਾਲ ਏਨਾ ਨਾਰਾਜ਼ ਹੋ ਗਿਆ ਕਿ ਉਸ ਨੇ ਉਨ੍ਹਾਂ ਦੇ ਮੂੰਹ ਉੱਤੇ ਜ਼ੋਰ ਨਾਲ ਪਾਣੀ ਨਾਲ ਭਰਿਆ ਗਿਲਾਸ ਮਾਰਿਆ। ਅੱਬਾਸੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ 19 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੇ ਬਾਅਦ ਤੋਂ ਉਹ ਐਨ ਏ ਬੀ ਦੀ ਹਿਰਾਸਤ 'ਚ ਹਨ। ਦੱਸਿਆ ਜਾਂਦਾ ਹੈ ਕਿ ਐਨ ਏ ਬੀ ਦੇ ਅਫਸਰ ਰਾਵਲਪਿੰਡੀ 'ਚ ਬਿਊਰੋ ਦੇ ਹੈਡਕੁਆਰਟਰ ਵਿਖੇ ਅੱਬਾਸੀ ਤੋਂ ਭ੍ਰਿਸ਼ਟਾਚਾਰ ਦੇ ਕੇਸ ਨਾਲ ਸਬੰਧਤ ਸਵਾਲ-ਜਵਾਬ ਕਰ ਰਹੇ ਸਨ। ਇਸ ਦੌਰਾਨ ਅੱਬਾਸੀ ਨੇ ਕੁਝ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਰੁਖ ਤੋਂ ਨਾਰਾਜ਼ ਐਨ ਏ ਬੀ ਦਾ ਇਕ ਅਫਸਰ ਖਿਝ ਗਿਆ ਤੇ ਉਸ ਨੇ ਅੱਬਾਸੀ ਨਾਲ ਕੁੱਟਮਾਰ ਕਰਦਿਆਂ ਉਥੇ ਪਿਆ ਪਾਣੀ ਨਾਲ ਭਰਿਆ ਗਿਲਾਸ ਉਨ੍ਹਾਂ ਦੇ ਮੂੰਹ 'ਤੇ ਮਾਰ ਦਿੱਤਾ। ਜਾਂਚ ਏਜੰਸੀ ਮੁਤਾ-ਬਕ ਪੁੱਛਗਿੱਛ ਟੀਮ 'ਚ ਸ਼ਾਮਲ ਮੁਹੰਮਦ ਜ਼ਬੇਰ ਨੇ ਹਾਲਾਤ ਕੰਟਰੋਲ ਕਰ ਲਏ ਸਨ ਅਤੇ ਮਾਮਲੇ ਦੀ ਰਿਪੋਰਟ ਐਨ ਏ ਬੀ ਡਾਇਰੈਕਟਰ ਇਰਫਾਨ ਨਈਮ ਨੂੰ ਸੌਂਪੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਜਾਂਚ ਏਜੰਸੀ ਨੇ ਪੁੱਛਗਿੱਛ 'ਚ ਸਹਿਯੋਗ ਲਈ ਇਕ ਮਾਹਿਰ ਦੀਆਂ ਸੇਵਾਵਾਂ ਲਈਆਂ ਸਨ। ਪਹਿਲਾਂ ਐਨ ਏ ਬੀ ਨੇ ਅੱਬਾਸੀ ਨਾਲ ਕੁੱਟਮਾਰ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ, ਪਰ ਬਾਅਦ 'ਚ ਆਪਸੀ ਗੱਲਬਾਤ ਦੌਰਾਨ ਉਨ੍ਹਾਂ ਨੇ ਇਸ ਦੀ ਪੁਸ਼ਟੀ ਕਰਨ ਦੀ ਗਲਤੀ ਵੀ ਕਰ ਦਿੱਤੀ।

# ਹਾਂਗਕਾਂਗ ਵਿਚਲਾ ਚੀਨ ਵਿਰੋਧੀ ਲੋਕਤੰਤਰੀ ਅੰਦੋਲਨ ਹੋਰ ਦੇਸ਼ਾਂ ਤੱਕ ਫੈਲਿਆ



ਹਾਂਗਕਾਂਗ, 29 ਸਤੰਬਰ, (ਪੋਸਟ ਬਿਊਰੋ)- ਬ੍ਰਿਟੇਨ ਤੋਂ ਆਜ਼ਾਦ ਹੋ ਕੇ ਚੀਨ ਦਾ ਹਿੱਸਾ ਬਣੇਹਾਂਗਕਾਂਗ ਵਿੱਚ ਪਿਛਲੇ ਕਰੀਬ ਚਾਰ ਮਹੀਨਿਆਂ ਤੋਂ ਚੱਲ ਰਿਹਾ ਚੀਨ ਵਿਰੋਧੀ ਲੋਕਤੰਤਰ ਪੱਖੀ ਅੰਦੋਲਨ ਇਸ ਐਤਵਾਰ ਨੂੰ ਹੋਰ ਦੇਸ਼ਾਂ ਤੱਕ ਫੈਲ ਗਿਆ।ਚੀਨ ਵਿਰੁੱਧਹਾਂਗਕਾਂਗ ਦੇ ਅੰਦੋਲਨਕਾਰੀਆਂ ਪ੍ਰਤੀ ਇਕਜੁੱਟਤਾ ਦਿਖਾਉਣ ਲਈ ਸਿਡਨੀ ਅਤੇ ਤਾਈਪੇ ਵਿੱਚ ਵੀ ਹਜ਼ਾਰਾਂ ਲੋਕ ਸੜਕ ਉੱਤੇ ਉਤਰ ਆਏ ਤੇ ਚੀਨ ਦੀ ਤਾਨਾਸ਼ਾਹੀ ਵਿਰੁੱਧ ਪ੍ਰਦਰਸ਼ਨ ਕੀਤੇ ਹਨ।

ਵਰਨਣ ਯੋਗ ਹੈ ਕਿ ਬੀਤੇ ਜੂਨ ਵਿੱਚ ਹਾਂਗਕਾਂਗ ਵਿੱਚ ਸ਼ੁਰੂ ਹੋਏ ਚੀਨ ਵਿਰੋਧੀ ਅੰਦੋਲਨਪਿੱਛੋਂ ਆਸਟਰੇਲੀਆ ਵਿੱ-ਚਇਸ ਐਤਵਾਰ ਸਭ ਤੋਂ ਵੱਡੀ ਇਕਜੁੱਟਤਾ ਰੈਲੀ ਵਿੱਚ ਲੋਕਾਂ ਨੇ ਕਾਲੇ ਕੱਪੜੇ ਪਾ ਕੇ ਪ੍ਰਦਰਸ਼ਨ ਕੀਤਾ ਹੈ। ਸਿਡਨੀ ਵਿੱਚ ਕੁਝ ਲੋਕ ਹਾਂਗਕਾਂਗ ਦੇ ਲੋਕਾਂ ਦੇ ਪੱਖ ਵਿੱਚ ਤਖਤੀਆਂ ਫੜ ਕੇ ਵੀਚੱਲ ਰਹੇ ਸਨ। ਚੀਨ ਦੀ ਕਥਿਤ ਤਾਨਾਸ਼ਾਹੀ ਦੇ ਸ਼ਿਕਾਰ ਹੋਏਤਾਈਵਾਨ ਦੇ ਤਾਈਪੇਸ਼ਹਿਰ ਵਿੱਚ ਕਰੀਬ 2 ਹਜ਼ਾਰ ਲੋਕਾਂ ਨੇ ਵੀ ਹਾਂਗਕਾਂਗ ਵਿੱਚ ਚੀਨ ਵਿਰੋਧੀ ਅੰਦੋਲਨ ਕਰ ਰਹੇ ਲੋਕਾਂ ਦੇ ਪੱਖ ਵਿੱਚ ਅੱਜ ਐਤਵਾਰ ਨੂੰ ਕਾਲੇ ਕੱਪੜੇ ਪਾ ਕੇ ਰੈਲੀ ਕੱਢੀ ਹੈ।

ਇਸ ਦੌਰਾਨ ਚੀਨ ਦੇ 70ਵੇਂ ਸਥਾਪਨਾ ਦਿਵਸ ਤੋਂ ਪਹਿਲਾਂ ਅੱਜ ਹਾਂਗਕਾਂਗ ਵਿੱਚ ਲੋਕਤੰਤਰ ਸਮਰਥਕ ਪ੍ਰਦਰਸ਼ਨਾਂ ਦਾ ਦੌਰ ਅੱਜ ਹੋਰ ਤੇਜ਼ ਹੋ ਗਿਆ। ਇਸ ਐਤਵਾਰ ਹਜ਼ਾਰਾਂ ਲੋਕਾਂ ਨੇ ਮਾਰਚ ਕੱਢਿਆ ਅਤੇ ਉਨ੍ਹਾਂ ਦਾ ਪੁਲਸ ਨਾਲ ਭੇੜ ਹੋ ਗਿਆ। ਹਾਂਗਕਾਂਗ ਵਿੱਚ 2014 ਵਿੱਚ ਚੀਨ ਵਿਰੁੱਧ ਹੋਏ ਪ੍ਰਦਰਸ਼ਨ ਦੀ 5ਵੀਂ ਵਰ੍ਹੇਗੰਢ ਉੱਤੇ ਸ਼ੁਰੂ ਵਿੱਚ ਪ੍ਰਦਰਸ਼ਨ ਸ਼ਾਂਤ ਰਿਹਾ, ਪਰ ਅੱਜ ਰਾਤ ਹੋਣ ਤੱਕ ਹਿੰਸਾ ਵਿੱਚ ਬਦਲ ਗਿਆ ਤਾਂ ਪੁਲਸ ਨੇ ਭੀੜ ਉੱਤੇ ਅਚਾਨਕ ਹੰਝੂ ਗੈਸ ਦੇ ਗੋਲੇ ਛੱਡਣੇ ਸ਼ੁਰੂ ਕਰ ਦਿੱਤੇ ਤੇ ਪਾਣੀ ਦੀ ਵਾਛੜ ਮਾਰੀ, ਜਿਸ ਪਿੱਛੋਂਲੋਕਾਂ ਨੇ ਪੱਥਰਬਾਜ਼ੀ ਕੀਤੀ। ਇੱਕ ਰਿਪੋਰਟ ਅਨੁਸਾਰ ਸਰਕਾਰੀ ਦਫਤਰਾਂ ਅਤੇ ਵਿਧਾਨ ਕੌਂਸਲ ਦੀ ਇਮਾਰਤ ਤੱਕ ਪਹੁੰਚਣ ਲਈ ਪੁਲਸ ਦੀ ਸਖਤੀ ਤੋਂ ਇਹ ਹਿੰਸਾ ਭੜਕੀ ਹੈ।

ਦੂਸਰੇ ਪਾਸੇ ਚੀਨ ਸਰਕਾਰ ਆਪਣੇ ਸਥਾਪਨਾ ਦਿਵਸ ਮੌਕੇ ਉੱਤੇ ਭਾਰੀ ਸਖਤੀ ਨਾਲ ਪ੍ਰੋਗਰਾਮ ਕਰਨ ਨੂੰ ਤਿਆਰੀ ਕਰ ਰਹੀ ਹੈ, ਜਿਸ ਦੌਰਾਨ ਉਹ ਵੱਡੀ ਮਿਲਟਰੀ ਪਰੇਡ ਕੱਢ ਕੇ ਆਪਣੇ ਆਪ ਨੂੰ ਇੱਕ ਗਲੋਬਲ ਸੁਪਰ ਪਾਵਰ ਵਜੋਂ ਪੇਸ਼ ਕਰੇਗੀ। ਪ੍ਰਦਰਸ਼ਨਕਾਰੀਆਂ ਨੇ ਇਨ੍ਹਾਂ ਪ੍ਰੋਗਰਾਮਾਂ ਵਿਚ ਵਿਘਨ ਪਾਉਣ ਦੀ ਧਮਕੀ ਦਿੱਤੀ ਹੈ। ਜਦੋਂ ਵਿਰੋਧ ਪ੍ਰਦਰਸ਼ਨਾਂ ਦਾ ਸਿਲਸਿਲਾ ਤੇਜ਼ ਹੋ ਰਿਹਾ ਹੈ ਤਾਂ ਇਸ ਦੌਰਾਨਫੂਡ ਡਲਿਵਰੀ ਸੇਵਾ ਦੀ ਕਾਫੀ ਤੇਜ਼ੀ ਦੇਖੀ ਗਈ ਹੈ।ਮੀਡੀਆ ਰਿਪੋਰਟ ਅਨੁਸਾਰ ਸ਼ਹਿਰ ਵਿੱਚ ਚੱਲਦੇ ਵਿਰੋਧ ਪ੍ਰਦਰਸ਼ਨਾਂ ਅਤੇ ਪ੍ਰਦਰਸ਼ਨਕਾਰੀਆਂ ਅਤੇ ਪੁਲਸ ਵਿੱਚ ਤੇਜ਼ ਸੰਘਰਸ਼ ਕਾਰਨ ਲੋਕ ਆਪਣੇ ਘਰਾਂ ਵਿੱਚ ਰਹਿਣਾ ਪਸੰਦ ਕਰਦੇ ਹਨ। ਹਿੰਸਕ ਪ੍ਰਦਰਸ਼ਨਾਂ ਨਾਲ ਇਸ ਸ਼ਹਿਰ ਦਾ ਜਨ-ਜੀਵਨ ਪ੍ਰਭਾਵਤ ਹੋਣ ਤੋਂ ਇਲਾਵਾ ਲੋਕਾਂ ਨੂੰ ਖਾਣਾ ਲੈਣ ਲਈ ਬਾਹਰ ਜਾਣਾਵੀ ਮੁਸ਼ਕਲ ਹੋ ਗਿਆ ਹੈ।

# ਸਾਊਦੀ ਅਰਬ ਵੱਲੋਂ ਭਾਰਤ ਵਿੱਚ ਸੱਤ ਲੱਖ ਕਰੋੜ ਦੇ ਨਿਵੇਸ਼ ਦਾ ਐਲਾਨ

ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)- ਦੁਨੀਆ ਵਿੱਚ ਸਭ ਤੋਂ ਵੱਡਾ ਕੱਚਾ ਤੇਲ ਐਕਸਪੋਰਟਰ ਸਾਊਦੀ ਅਰਬ ਅਗਲੇ ਦਿਨੀਂ ਭਾਰਤ ਵਿਚ ਦਸ ਹਜ਼ਾਰ ਕਰੋੜ ਡਾਲਰ ਨਿਵੇਸ਼ ਕਰੇਗਾ। ਭਾਰਤ ਵਿੱਚ ਵਿਕਾਸ ਸੰਭਾਵਨਾਵਾਂ ਦੇਖ ਕੇ ਇਹ ਨਿਵੇਸ਼ ਮੁੱਖ ਰੂਪ ਨਾਲ ਪੈਟਰੋਕੈਮੀਕਲਸ, ਇੰਫ੍ਰਾਕਟ੍ਰਕਚਰ ਤੇ ਮਾਈਨਿੰਗ ਆਦਿ ਵਿਚ ਕੀਤਾ ਜਾਵੇਗਾ।

ਭਾਰਤ ਵਿਚ ਸਾਊਦੀ ਅਰਬ ਦੇ ਰਾਜਦੂਤ ਡਾ. ਸਊਦ ਬਿਨ ਮੁਹੰਮਦ ਅਲ ਸਤੀ ਨੇ ਅੱਜ ਏਥੇ ਦੱਸਿਆ ਕਿ ਉਨ੍ਹਾਂ ਦੇ ਦੇਸ਼ ਲਈ ਭਾਰਤ ਬੇਹੱਦ ਆਕਰਸ਼ਕ ਬਾਜ਼ਾਰ ਹੈ। ਇਸ ਲਈ ਸਾਊਦੀ ਅਰਬ ਤੇਲ, ਗੈਸ ਅਤੇ ਮਾਈਨਿੰਗ ਦੇ ਮਹੱਤਵਪੂਰਨ ਸੈਕਟਰ ਵਿਚ ਭਾਰਤ ਨਾਲ ਲੰਬੀ ਮਿਆਦ ਦੀ ਸਾਂਝ ਦਾ ਟੀਚਾ ਰੱਖਦਾ ਹੈ। ਉਨ੍ਹਾਂਭਾਰਤ ਦੀ ਐਨਰਜੀ ਸੁਰੱਖਿਆ ਯਕੀਨੀ ਬਣਾਉਣ ਦੀ ਪ੍ਰਤੀਬੱਧਤਾ ਦੁਹਰਾਈ। ਰਾਜਦੂਤ ਨੇ ਕਿਹਾ, 'ਸਾਊਦੀ ਅਰਬ ਭਾਰਤ ਵਿਚ ਊਰਜਾ, ਰੀਫਾਈਨਿੰਗ, ਪੈਟਰੋਕੈਮੀਕਲਸ, ਇੰਫ੍ਰਾਸਟ੍ਰਕਚਰ, ਖੇਤੀ, ਖਣਿਜ ਤੇ ਮਾਈਨਿੰਗ ਵਿਚ 100 ਅਰਬ ਡਾਲਰ ਦੇ ਨਿਵੇਸ਼ਨੂੰਤਿਆਰ ਹੈ। ਸਾਊਦੀ ਅਰਬ ਦੀ ਸਭ ਤੋਂ ਵੱਡੀ ਆਇਲ ਕੰਪਨੀ ਅਰੈਮਕੋ ਤੇ ਭਾਰਤ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ ਵਿਚਾਲੇ ਪ੍ਰਸਤਾਵਿਤ ਸਾਂਝ ਨਾਲ ਦੋਵੇਂ ਦੇਸ਼ਾਂ ਵਿਚਾਲੇ ਊਰਜਾ ਦੇ ਖੇਤਰ ਵਿਚ ਰਣਨੀਤਕ ਭਾਈਵਾਲੀ ਝਲਕਦੀ ਹੈ।' ਰਾਜਦੂਤ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਦੀਆਂ ਊਰਜਾ ਲੋੜਾਂਦੀ ਪੂਰਤੀਲਈ ਪ੍ਰਤੀਬੱਧ ਹੈ। ਜਦੋਂ ਕਦੇ ਵੀ ਕਿਸੇ ਹੋਰ ਸਰੋਤ ਤੋਂ ਊਰਜਾ ਸਪਲਾਈ ਵਿਚ ਭਾਰਤ ਨੂੰ ਰੁਕਾਵਟ ਹੋਈ, ਸਾਊਦੀ ਅਰਬ ਇਹਪੂਰਤੀ ਕਰੇਗਾ। ਰਾਜਦੂਤ ਅਲ ਸਤੀ ਮੁਤਾ-ਬਕ ਅਰੈਮਕੋ ਦੁਨੀਆ ਦੇ ਬਾਜ਼ਾਰ ਵਿਚ ਆਇਲ ਮਾਰਕੀਟਿੰਗ ਦੇ ਖੇਤਰ ਦੀ ਵੱਡੀ ਭੂਮਿਕਾ ਨੂੰ ਤਿਆਰ ਹੈ, ਇਸ ਲਈ ਭਾਰਤ ਨੂੰ ਤੇਲ ਸਪਲਾਈ, ਰੀਫਾਈਨਿੰਗ, ਪੈਟਰੋਕੈਮੀਕਲਸ ਅਤੇ ਲੁਬਰੀਕੈਂਟਸ ਵਿਚ ਵੱਡਾ ਨਿਵੇਸ਼ਕੀਤਾ ਜਾਣਾ ਹੈ।


**Paramjit Deol** Broker
**CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**

**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**

**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**

**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**

**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**

**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**

**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**

**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**

**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**

**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**

**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019


# ਬ੍ਰਿਟਿਸ਼ ਪ੍ਰਧਾਨ ਮੰਤਰੀ ਇੱਕ ਅਮਰੀਕੀ ਔਰਤ ਨੂੰ ਲਾਭ ਪੁਚਾਉਣ ਦੇ ਦੋਸ਼ਾਂ ਵਿੱਚ ਘਿਰਿਆ



ਲੰਡਨ, 29 ਸਤੰਬਰ, (ਪੋਸਟ ਬਿਊਰੋ)-ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਵੱਲੋਂ ਲੰਡਨ ਦੇ ਮੇਅਰ ਵਾਲੇ ਅਹੁਦੇ ਦੀ ਦੁਰਵਰਤੋਂ ਦਾ ਕੇਸ ਸਾਹਮਣੇ ਆਇਆ ਹੈ। ਇਸ ਕੇਸ ਵਿੱਚ ਜੌਨਸਨ ਉੱਤੇ ਆਪਣੀ ਓਦੋਂ ਦੀ ਇੱਕ ਮਹਿਲਾ ਮਿੱਤਰ ਜੈਨੀਫਰ ਆਰਕਰੀ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਪੁਚਾਉਣ ਦਾ ਦੋਸ਼ ਲੱਗਾ ਹੈ।

ਇੰਡੀਪੈਂਡੈਂਟ ਆਫਿਸ ਫਾਰ ਪੁਲਿਸ ਕੰਡਕਟ (ਆਈ ਓ ਪੀਸੀ) ਤੋਂ ਇਸ ਬਾਰੇ ਮਿਲੀ ਹੋਈ ਚਿੱਠੀ ਗ੍ਰੇਟਰ ਲੰਡਨ ਅਥਾਰਟੀ (ਜੀ ਐੱਲ ਏ) ਨੇ ਪ੍ਰਧਾਨ ਮੰਤਰੀ ਨੂੰ ਭੇਜੀ ਹੈ ਤੇ ਇਸ ਦੇ ਬਾਰੇ ਛੇਤੀ ਜਾਂਚ ਸ਼ੁਰੂ ਹੋ ਸਕਦੀ ਹੈ। ਵਰਨਣ ਯੋਗ ਹੈ ਕਿ ਬੋਰਿਸ ਜੌਨਸਨ ਸਾਲ 2008 ਤੋਂ 2016 ਦੌਰਾਨ ਜਦੋਂ ਲੰਡਨ ਦੇ ਮੇਅਰ ਸਨ ਤਾਂ ਉਸ ਦੌਰਾਨ ਉਨ੍ਹਾਂ ਦੇ ਸਬੰਧ ਅਮਰੀਕਾ ਦੀ ਔਰਤ ਜੈਨੀਫਰ ਆਰਕਰੀ ਨਾਲ ਬਣੇ ਸਨ।ਪਤਾ ਲੱਗਾ ਹੈ ਕਿ ਉਹ ਆਰਕਰੀ ਦੇ ਈਸਟ ਲੰਡਨ ਦੇ ਫਲੈਟ ਉੱਤੇ ਅਕਸਰ ਜਾਂਦੇ ਤੇ ਉਨ੍ਹਾਂ ਨੂੰ ਅਕਸਰ ਇਕੱਠੇ ਵੇਖਿਆ ਜਾਂਦਾ ਸੀ। ਆਰਕਰੀ ਉਨ੍ਹਾਂ ਨੂੰ ਆਪਣੇ ਸਭ ਤੋਂ ਚੰਗੇ ਦੋਸਤਾਂ ਵਿੱਚੋਂ ਦੱਸਦੀ ਸੀ। ਇਸੇ ਦੌਰਾਨ ਆਰਕਰੀ ਦੀ ਕੰਪਨੀ ਨੂੰ ਗ੍ਰੇਟਰ ਲੰਡਨ ਅਥਾਰਟੀ ਤੋਂ ਕਈ ਸਮਾਜਕ ਕੰਮਾਂ ਲਈ ਹਜ਼ਾਰਾਂ ਪੌਂਡ ਦੀ ਮਦਦ ਮਿਲੀ ਸੀ। ਆਰਕਰੀ ਨੇ ਸਰਕਾਰੀ ਖ਼ਰਚਉੱਤੇ ਕਈ ਟੂਰ ਵੀ ਕੀਤੇ ਸਨ ਤੇ ਇਸੇ ਦੌਰਾਨ ਆਰਕਰੀ ਦੀ ਕੰਪਨੀ ਨੂੰ ਇੱਕ ਸਾਈਬਰ ਰਿਸਰਚ ਲਈ ਇਕ ਲੱਖ ਪੌਂਡ ਫੰਡ ਵੀ ਮਿਲਿਆ ਸੀ।

ਆਈ ਓ ਪੀ ਸੀ ਨੇ ਸ਼ੁਰੂ ਦੀ ਜਾਂਚ ਵਿੱਚ ਇਸ ਨੂੰ ਸਰਕਾਰੀ ਅਹੁਦੇ ਉੱਤੇ ਰਹਿੰਦੇ ਹੋਏ ਲਾਭ ਦੇਣ ਦਾ ਅਪਰਾਧਿਕ ਕੇਸ ਮੰਨਿਆ ਹੈ, ਜਿਸ ਦੇ ਘੇਰੇ ਵਿੱਚ ਪ੍ਰਧਾਨ ਮੰਤਰੀ ਜੌਨਸਨ ਆਏ ਹਨ। ਜਾਂਚਏਜੰਸੀ ਨੇ ਇਸ ਬਾਰੇ ਆਪਣੀ ਰਿਪੋਰਟ ਜੀ ਐੱਲ ਏ ਨੂੰ ਦਿੱਤੀ ਅਤੇ ਜੀ ਐੱਲ ਏ ਨੇ ਉਸ ਨੂੰ ਪ੍ਰਧਾਨ ਮੰਤਰੀ ਕੋਲ ਭੇਜਿਆ ਹੈ। ਅੱਗੋਂ ਫ਼ੈਸਲਾ ਹੋਣਾ ਹੈ ਕਿ ਸ਼ੁਰੂ ਦੀ ਜਾਂਚ ਦੇ ਨਤੀਜੇ ਉੱਤੇਅਗਲੀ ਜਾਂਚ ਕਰਵਾਈ ਜਾਵੇ ਜਾਂ ਨਹੀਂ। ਸੰਡੇ ਟਾਈਮਜ਼ਦੀ ਰਿਪੋਰਟ ਤੋਂ ਬਾਅਦ ਪ੍ਰਧਾਨ ਮੰਤਰੀ ਜੌਨਸਨ ਨੇ ਕੁਝ ਵੀ ਗ਼ਲਤ ਕੀਤਾ ਹੋਣ ਤੋਂ ਇਨਕਾਰ ਕੀਤਾ ਹੈ। ਆਰਕਰੀ ਵੀ ਅਮਰੀਕਾ ਵਾਪਸ ਜਾ ਚੁੱਕੀ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC Member
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕੇਂਦਰੀ ਗ੍ਰਹਿ ਮੰਤਰਾਲੇ ਨੇ ਪ੍ਰਕਾਸ਼ ਪੁਰਬ ਮੌਕੇ 8 ਸਿੱਖ ਕੈਦੀਆਂ ਨੂੰ ਛੱਡਣ ਦੀ ਪ੍ਰਵਾਨਗੀ ਦਿੱਤੀ

ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)-ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚਲੇ ਅੱਠ ਸਿੱਖ ਕੈਦੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਮਨੁੱਖੀ ਆਧਾਰ ਉੱਤੇਛੱਡਣ ਦਾ ਫ਼ੈਸਲਾ ਕਰ ਲਿਆ ਹੈ। ਇਨ੍ਹਾਂ ਕੈਦੀਆਂ ਉੱਤੇ ਪੰਜਾਬ ਵਿੱਚਖਾੜਕੂਵਾਦ ਦੌਰਾਨ ਅਪਰਾਧ ਕਰਨ ਦਾ ਦੋਸ਼ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਦੇ ਨਾਲ ਐਲਾਨ ਕੀਤਾ ਹੈ ਕਿ ਇਕ ਖ਼ਾਸ ਮਾਫ਼ੀ ਦੇ ਫੈਸਲੇ ਹੇਠ ਸਜ਼ਾ-ਏ-ਮੌਤ ਭੁਗਤ ਰਹੇ ਇਕ ਕੈਦੀ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਵੀ ਬਦਲ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਮੌਤ ਦੀ ਸਜ਼ਾ ਵਾਲੇ ਕੈਦੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਿਆ ਗਿਆ ਹੈ। ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ

*** ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਿਆ ਜਾਵੇਗਾ**

ਬੰਦ ਨੌ ਸਿੱਖ ਕੈਦੀਆਂ ਨੂੰ ਮਾਫ਼ੀ ਦੇਣ ਦਾ ਫ਼ੈਸਲਾ ਕੀਤਾ ਹੈ। ਬੁਲਾਰੇ ਦੇ ਮੁਤਾਬਕ ਮੌਤ ਦੀ ਸਜ਼ਾ ਵਾਲੇ ਇਕ ਕੈਦੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਅਤੇ ਅੱਠ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਛੱਡਣ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਸਭਨਾਂ ਨੂੰ ਵੱਖ-ਵੱਖ ਅਦਾਲਤਾਂ ਨੇ ਪੰਜਾਬ ਵਿੱਚ ਖਾੜਕੂਵਾਦੀ ਅਪਰਾਧਾਂ ਵਿਚ ਸਜ਼ਾਵਾਂ ਦਿੱਤੀਆਂ ਸਨ। ਗ੍ਰਹਿ ਮੰਤਰਾਲੇ ਦੇ ਫੈਸਲੇ ਦੀ ਕਾਪੀ ਵੱਖ-ਵੱਖ ਰਾਜ ਸਰਕਾਰਾਂ ਨੂੰ ਭੇਜ ਦਿੱਤੀ ਗਈ ਹੈ। ਇਨ੍ਹਾਂ ਸਭਨਾਂਦੀ ਰਿਹਾਈ ਨਵੰਬਰ ਵਿੱਚਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੇਲੇਹੋਵੇਗੀ।ਹਾਲੇ ਤਕ ਵੱਖ-ਵੱਖ



ਰਾਜਾਂਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੇ ਦੋ ਪੜਾਵਾਂ ਵਿੱਚ 1,424 ਕੈਦੀ ਛੱਡੇ ਸਨ। ਪਹਿਲੇ ਪੜਾਅ ਵਿੱਚ 2 ਅਕਤੂਬਰ 2018 ਤੇ 6 ਅਪ੍ਰੈਲ 2019 ਨੂੰਕੈਦੀਆਂ ਦੀ ਰਿਹਾਈ ਹੋਈ ਤੇ ਤੀਜੇ ਪੜਾਅ ਵਿੱਚ ਇਸ ਵਾਰ 2 ਅਕਤੂਬਰ ਨੂੰ ਸਿੱਖ ਕੈਦੀ ਛੱਡੇ ਜਾਣਗੇ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਇਹ ਫ਼ੈਸਲਾ ਵੱਖ-ਵੱਖ ਸਿੱਖ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਤੋਂ ਬਾਅਦ ਲਿਆ ਹੈ। ਇਨ੍ਹਾਂ ਸਿੱਖ ਜਥੇਬੰਦੀਆਂ ਦੀ ਲਗਾਤਾਰ ਮੰਗ ਸੀ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਸਾਰੇ ਸਿੱਖ ਕੈਦੀਆਂ ਨੂੰ ਛੱਡਿਆ ਜਾਵੇ, ਜਿਹੜੇ ਅਦਾਲਤ ਤੋਂ ਮਿਲੀ ਸਜ਼ਾ ਭੁਗਤ ਚੁੱਕੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਇਸ ਕੰਮ ਵਿੱਚ ਦਖ਼ਲ ਦੀ ਮੰਗ ਕੀਤੀ ਅਤੇ ਕਿਹਾ ਸੀ ਕਿ ਇਹ ਪ੍ਰਭਾਵ ਨਹੀਂ ਪੈਣਾ ਚਾਹੀਦਾ ਕਿ ਸਰਕਾਰ ਕੁਝ ਲੋਕਾਂ ਨੂੰ ਕੈਦ ਰੱਖਣ ਤੇ ਕੁਝ ਨੂੰ ਛੱਡਣ ਵਿੱਚ ਪੱਖਪਾਤ ਕਰਦੀ ਹੈ। ਕੇਂਦਰ ਸਰਕਾਰ ਦੇ ਤਾਜ਼ਾ ਫ਼ੈਸਲੇ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ।

# ਅਮਰੀਕਾ ਦੌਰੇ ਤੋਂ ਪਰਤੇ ਨਰਿੰਦਰ ਮੋਦੀ ਦਾ ਹੀਰੋ ਵਾਂਗ ਸਵਾਗਤ

ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)-ਅਮਰੀਕਾ ਵਿੱਚ ਸੱਤ ਦਿਨਾਂ ਸਫਲ ਦੌਰਾ ਕਰਨ ਪਿੱਛੋਂ ਸ਼ਨਿਚਰਵਾਰ ਦੀ ਸ਼ਾਮ ਆਪਣੇ ਦੇਸ਼ ਮੁੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪਾਲਮ ਹਵਾਈ ਅੱਡੇ ਉੱਤੇ ਹਜ਼ਾਰਾਂ ਲੋਕਾਂ ਨੇ ਇੱਕ ਹੀਰੋ ਵਾਂਗਜ਼ੋਰਦਾਰ ਸਵਾਗਤ ਕੀਤਾ। ਲੋਕਾਂ ਦਾ ਪਿਆਰ ਕਬੂਲ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਦੇਸ਼ ਵਿੱਚਭਾਰਤ ਦਾ ਮਾਣ ਵਧਿਆ ਹੈ, ਇਸ ਲਈ ਮੈਂ 130 ਕਰੋੜ ਦੇਸ਼ ਵਾਸੀਆਂ ਦਾ ਧੰਨਵਾਦ ਕਰਦਾ ਹਾਂ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2014 ਵਿਚ ਵੀ ਮੈਂ ਅਮਰੀਕਾ ਗਿਆ ਸੀ ਅਤੇ 2019 ਵਿੱਚ ਵੀ ਗਿਆਹਾਂ, ਪਰ ਫ਼ਰਕ ਸਾਫ਼ ਦਿੱਸਦਾ ਹੈ। ਦੁਨੀਆ ਦੀ ਨਜ਼ਰ ਵਿਚ ਭਾਰਤ ਲਈ ਸਨਮਾਨ ਅਤੇ ਆਦਰ ਵਧਿਆ ਹੈ, ਜਿਸ ਦਾ ਮੁੱਖ ਕਾਰਨ ਤੁਸੀਂ ਲੋਕ ਹੋ, ਜਿਨ੍ਹਾਂ ਦੂਸਰੀ ਵਾਰ ਭਾਜਪਾ ਨੂੰ ਸੱਤਾ ਵਿਚ



ਲਿਆਉਣ ਦੇ ਲਈ ਵੋਟ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਮਰੀਕਾਦੇ ਹਿਊਸਟਨ ਦਾ ਸਮਾਗਮ ਹੋਵੇ ਜਾਂ ਹਾਉਡੀ ਮੋਦੀ, ਉਸ ਦੀ ਵਿਸ਼ਾਲਤਾ, ਸੁੰਦਰਤਾ ਤੇ ਅਮਰੀਕੀ ਰਾਸ਼ਟਰਪਤੀ ਦਾ ਸ਼ਾਮਲ ਹੋਣਾ ਹਰ ਜਗ੍ਹਾ ਚਰਚਾ ਦਾ ਵਿਸ਼ਾ ਬਣ ਗਿਆ, ਜਿਸ ਦੇ ਨਾਲ ਭਾਰਤ-ਅਮਰੀਕਾ ਸੰਬੰਧਾਂ ਨੂੰ ਨਵੀਂ ਪਛਾਣ ਮਿਲੀ ਹੈ। ਉਨ੍ਹਾਂ ਨੇ ਅਮਰੀਕਾ ਵਿਚ ਰਹਿੰਦੇ ਭਾਰਤੀ ਮੂਲ ਵਾਲੇ ਲੋਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਹਾਉਡੀ ਮੋਦੀ ਪ੍ਰੋਗਰਾਮ ਵਿਚ ਹਾਜ਼ਰੀ ਭਰੀ ਸੀ। ਮੋਦੀ ਨੇਕਿਹਾ ਕਿ ਇਨ੍ਹਾਂ ਸਫਲ ਪ੍ਰੋਗਰਾਮਾਂ ਦੀ ਚਰਚਾ ਉਥੇ ਰਿਪਬਲਿਕ ਤੇ ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਦੀ ਜ਼ੁਬਾਨ ਉੱਤੇ ਸੀ ਅਤੇ ਨਿਊਯਾਰਕ ਵਿੱਚ ਜਦੋਂ ਯੂ ਐੱਨ ਜਨਰਲ ਅਸੈਂਬਲੀ ਦੇ ਸੈਸ਼ਨ ਵਿਚ ਪੁੱਜਾ ਤਾਂ ਹੋਰਨਾਂ ਦੇਸ਼ਾਂ ਦੇ ਨੇਤਾ ਵੀ ਇਹੋ ਚਰਚਾ ਕਰ ਰਹੇ ਸਨ।

## ਧਨੇਰ ਦੀ ਸਜ਼ਾ ਮਾਫੀ ਦੀ ਫਾਈਲ ਪੰਜਾਬ ਸਰਕਾਰ ਨੇ ਗਵਰਨਰ ਨੂੰ ਭੇਜੀ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ)- ਬਰਨਾਲਾ ਦੇ ਮਹਿਲ ਕਲਾਂ ਪਿੰਡ ਦੀ ਨਾਬਾਲਿਗ ਲੜਕੀ ਕਿਰਨਜੀਤ ਕੌਰ ਨਾਲ ਬਲਾਤਕਾਰ ਕਰਨ ਮਗਰੋਂ ਉਸ ਦਾ ਕਤਲ ਕਰਨ ਵਾਲਿਆਂ ਨੂੰ ਸੀਖਾਂ ਪਿੱਛੇ ਪੁਚਾਉਣ ਵਾਲੇ ਮਨਜੀਤ ਸਿੰਘ ਧਨੇਰ ਦੀ ਸਜ਼ਾ ਮਾਫ ਕਰਾਉਣ ਲਈ ਪੰਜਾਬ ਸਰਕਾਰ ਨੇ ਗਵਰਨਰ ਵੀਪੀ ਸਿੰਘ ਬਦਨੌਰ ਨੂੰ ਫਾਈਲ ਭੇਜ ਦਿੱਤੀ ਹੈ। ਇਸ ਬਾਰੇ ਪਤਾ ਲੱਗਾ ਹੈ ਕਿ ਸਰਕਾਰ ਦਾ ਕੋਈ ਸੀਨੀਅਰ ਅਫਸਰ ਇਸ ਕੇਸ ਨੂੰਗਵਰਨਰ ਨੂੰ ਜਾਣਕਾਰੀ ਦੇਵੇਗਾ ਤੇ ਧਾਰਾ 161 ਹੇਠ ਤਾਕਤਾਂ ਦੀ ਵਰਤੋਂ ਕਰਦਿਆ ਸਜ਼ਾ ਮਾਫ ਕਰਨ ਲਈ ਗਵਰਨਰ ਨੂੰ ਕਿਹਾ ਜਾਵੇਗਾ।

ਵਰਨਣ ਯੋਗ ਹੈ ਕਿ ਮਨਜੀਤ ਸਿੰਘ ਧਨੇਰ ਦੀ ਸਜ਼ਾ ਮਾਫ ਕਰਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਦੇ ਸ਼ਹਿਰ ਪਟਿਆਲਾ 'ਚ 20 ਸਤੰਬਰ ਤੋਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਨੇ ਪੱਕਾ ਮੋਰਚਾ ਲਾਇਆ ਹੋਇਆ ਹੈ।

## ਮੋਟਰਸਾਈਕਲ ਅਤੇ ਬੱਸ ਦੀ ਟੱਕਰ ਕਾਰਨ ਨੌਜਵਾਨ ਦੀ ਮੌਤ

ਭੋਗਪੁਰ, 29 ਸਤੰਬਰ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਜਲੰਧਰ-ਜੰਮੂ ਨੈਸ਼ਨਲ ਹਾਈਵੇ 'ਤੇ ਭੋਗਪੁਰ ਨੇੜੇ ਪਿੰਡ ਸੱਧਾ ਚੱਕ ਦੇ ਕੋਲ ਵਾਪਰੇ ਹਾਦਸੇ ਵਿੱਚ ਇਕ ਮੋਟਰਸਾਈਕਲ ਸਵਾਰ ਦੀ ਮੌਤ ਹੋਣ ਦੀ ਖਬਰ ਹੈ।

ਮਿਲੀ ਜਾਣਕਾਰੀ ਅਨੁਸਾਰ ਮੋਟਰਸਾਈਕਲ ਸਵਾਰ ਨੌਜਵਾਨ ਜਲੰਧਰ ਵੱਲੋਂ ਭੋਗਪੁਰ ਵੱਲ ਜਾ ਰਿਹਾ ਸੀ। ਜਦੋਂ ਉਹ ਪਿੰਡ ਸੱਧਾ ਚੱਕ ਨੇੜੇ ਪੁੱਜਾ ਤਾਂ ਪਿੱਛੋਂ ਆਈ ਬੱਸ ਨੇ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ, ਜਿਸ ਦੇ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਨੇ ਮੌਕੇ 'ਤੇ ਦਮ ਤੋੜ ਦਿੱਤਾ। ਓਥੇ ਪੁੱਜੀ ਹਾਈਵੇ ਪੈਟਰੋਲਿੰਗ ਟੀਮ ਦੇ ਇੰਚਾਰਜ ਜੈ ਰਾਮ ਅਤੇ ਟੀਮ ਨੇ ਬੱਸ ਚਾਲਕ ਨੂੰ ਕਾਬੂ ਕਰਕੇ ਪੁਲਸ ਚੌਕੀ ਪਚਰੰਗਾ ਦੇ ਇੰਚਾਰਜ ਸੁਖਜੀਤ ਸਿੰਘ ਬੈਂਸ, ਜੋ ਹਾਦਸੇ ਦੀ ਸੂਚਨਾ ਪਿੱਛੋਂ ਉਸ ਥਾਂ ਪੁੱਜ ਗਏ ਸਨ, ਦੇ ਹਵਾਲੇ ਕਰ ਦਿੱਤਾ। ਮ੍ਰਿਤਕ ਮੋਟਰਸਾਈਕਲ ਸਵਾਰ ਦੀ ਪਛਾਣ ਸੁਖਜਿੰਦਰ ਸਿੰਘ ਪੁੱਤਰ ਚੈਂਚਲ ਸਿੰਘ ਪਿੰਡ ਬੋਪਾਰਾਏ ਥਾਣਾ ਭੁਲੱਥ ਵਜੋਂ ਤੇ ਬੱਸ ਚਾਲਕ ਦੀ ਪਛਾਣ ਹਰਜਿੰਦਰ ਸਿੰਘ ਪੁੱਤਰ ਸ਼ਾਮ ਲਾਲ ਪਿੰਡ ਸੋਹੀਆਂ ਜ਼ਿਲ੍ਹਾਂਹੁਸ਼ਿਆਰਪੁਰ ਵਜੋਂ ਹੋਈ ਹੈ। ਪੁਲਸ ਵੱਲੋਂ ਬੱਸ ਚਾਲਕ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ।

# ਆਗਮਨ ਪੁਰਬ ਨੂੰ ਪਰਿਵਾਰਿਕ ਮੇਲਾ ਬਣਾਉਣ ਨੂੰ ਦਿੱਤੀ ਤਰਜ਼ੀਹ : ਕਿੱਕੀ ਢਿੱਲੋਂ

ਫ਼ਰੀਦਕੋਟ, 29 ਸਤੰਬਰ (ਗਿਆਨ ਸਿੰਘ): ਫ਼ਰੀਦਕੋਟ ਵਿਖੇ ਮਨਾਏ ਜਾਂਦੇ "ਬਾਬਾ ਫ਼ਰੀਦ ਆਗਮਨ ਪੁਰਬ" ਨੂੰ ਇਸ ਵਾਰ ਨਿਰੋਲ ਧਾਰਮਿਕ ਅਤੇ ਪਰਿਵਾਰਿਕ ਸਮਾਗਮ ਵਜੋਂ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਇਹ ਪੁਰਬ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੀਆਂ ਫ਼ਰੀਦਕੋਟ ਨਾਲ ਜੁੜੀਆਂ ਯਾਦਾਂ ਨੂੰ ਸਮਰਪਿਤ ਹੈ। ਉਕਤ ਪ੍ਰਗਟਾਵਾ ਫ਼ਰੀਦਕੋਟ ਦੇ ਵਿਧਾਇਕ ਅਤੇ ਮੁੱਖ ਮੰਤਰੀ ਪੰਜਾਬ ਦੇ ਸਲਾਹਕਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਕੀਤਾ ਹੈ।

ਵਿਧਾਇਕ ਕਿੱਕੀ ਢਿੱਲੋਂ ਨੇ ਕਿਹਾ ਕਿ ਇਸ ਵਾਰ ਆਗਮਨ ਪੁਰਬ ਦੌਰਾਨ ਨਵੀਆਂ ਗਤੀਵਿਧੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਨਹਿਰੂ ਸਟੇਡੀਅਮ ਦੀ ਖੇਡ ਗਰਾਊਂਡ ਤੋਂ ਮੇਲੇ ਨੂੰ ਤਬਦੀਲ ਕਰਕੇ ਨਵੀਂ ਦਾਣਾ ਮੰਡੀ ਫ਼ਰੀਦਕੋਟ ਵਿਖੇ "ਕਰਾਫ਼ਟ ਮੇਲੇ" ਵਜੋਂ ਵਿਕਸਿਤ ਕੀਤਾ ਗਿਆ। ਜਿਸ ਵਿੱਚ ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰਨਾਂ ਰਾਜਾਂ ਤੋਂ ਵੀ ਕੱਪੜੇ, ਬਰਤਨ, ਪਕਵਾਣ ਅਤੇ ਹੋਰਨਾਂ ਵਸਤੂਆਂ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ ਸੀ। ਇਸ ਮੇਲੇ ਦੌਰਾਨ ਪਰਿਵਾਰਿਕ ਸੱਭਿਆਚਾਰ ਨੂੰ ਤਰਜ਼ੀਹ ਦਿੱਤੀ ਗਈ ਕਿਉਂਕਿ ਰਾਜਨੀਤਿਕ ਸ਼ਖ਼ਸ਼ੀਅਤਾਂ ਦੀ ਆਮਦ ਨਾਲ ਜਿੱਥੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ ਉਥੇ ਲੋਕ ਪਰਿਵਾਰਾਂ ਸਮੇਤ ਮੇਲੇ 'ਚ ਆਉਣ ਨੂੰ ਤਰਜ਼ੀਹ ਨਹੀਂ ਦਿੰਦੇ ਕਿਉਂਕਿ ਭੀੜ-ਭੜੱਕੇ ਦੌਰਾਨ ਸ਼ਰਾਰਤੀ ਅਨਸਰ ਖਰਾਬੀ ਕਰਦੇ ਹਨ। ਨਵੀਂ ਦਾਣਾ ਮੰਡੀ ਵਿਖੇ ਬਹੁਤ ਹੀ ਖੁੱਲੀ ਜਗ੍ਹਾ ਹੋਣ ਕਾਰਨ ਪਾਰਕਿੰਗ ਦੀ ਵੀ ਕੋਈ ਸਮੱਸਿਆ ਨਹੀਂ ਆਈ। ਕਰਾਫ਼ਟ ਮੇਲੇ ਦੌਰਾਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਕੁਮਾਰ ਸੌਰਭਰਾਜ ਅਤੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਜਯੋਤੀ ਸਿੰਘ ਚੇਅਰਪਰਸਨ ਰੈਡ ਕਰਾਸ ਸ਼ਾਖਾ ਫ਼ਰੀਦਕੋਟ ਨੇ ਵੀ ਸੁਚਾਰੂ ਢੰਗ ਨਾਲ ਅਹਿਮ ਭੂਮਿਕਾ ਨਿਭਾਈ। ਪੁਲਿਸ ਪ੍ਰਸ਼ਾਸਨ ਵੱਲੋਂ ਵੀ ਆਮ ਲੋਕਾਂ ਦੀ ਹਿਫ਼ਾਜ਼ਤ ਲਈ ਬਹੁਤ ਹੀ ਸੁਚਾਰੂ ਪ੍ਰਬੰਧ ਕੀਤੇ ਗਏ ਸਨ, ਜਿਸ ਕਾਰਨ ਹੀ ਆਮ ਲੋਕ ਆਪਣੇ ਪਰਿਵਾਰਾਂ ਸਮੇਤ ਅਸਾਨੀ ਨਾਲ ਮੇਲੇ ਨੂੰ ਦੇਖ ਸਕੇ ਅਤੇ ਕਿਸੇ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ। ਵਿਧਾਇਕ ਕਿੱਕੀ ਢਿੱਲੋਂ ਨੇ ਆਮ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਆਗਮਨ ਪੁਰਬ ਦੌਰਾਨ ਸਹਿਯੋਗ ਦਿੱਤਾ। ਵਿਧਾਇਕ ਕਿੱਕੀ ਨੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼ਹਿਰ ਦੀ ਸੁੰਦਰਤਾ ਲਈ ਲੰਗਰ ਉਪਰੰਤ ਸਫ਼ਾਈ ਨੂੰ ਤਰਜ਼ੀਹ ਦਿੱਤੀ ਅਤੇ ਆਗਮਨ ਪੁਰਬ ਮਗਰੋਂ ਸਫ਼ਾਈ ਵੀ ਕੀਤੀ ਗਈ।

# ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਦੇ ਖਿਲਾਫ ਦੋਸ਼ ਤੈਅ

ਲਖਨਊ, 29 ਸਤੰਬਰ (ਪੋਸਟ ਬਿਊਰੋ)- ਬਾਬਰੀ ਮਸਜਿਦ ਢਾਹੁਣ ਦੇ ਕੇਸ 'ਚ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ, ਪਰ ਇਸ ਤੋਂ ਪਹਿਲਾਂ ਉਨ੍ਹਾਂ ਉੱਤੇ ਅਦਾਲਤ ਵਿੱਚ

**ਬਾਬਰੀ ਮਸਜਿਦ ਮਾਮਲਾ:**

ਇਸ ਪੁਰਾਣੇ ਕੇਸ ਵਿੱਚ ਦੋਸ਼ ਆਇਦ ਕਰ ਦਿੱਤੇ ਗਏ ਹਨ।

ਪਤਾ ਲੱਗਾ ਹੈ ਕਿ ਅਦਾਲਤ ਨੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੂੰ 2 ਲੱਖ ਰੁਪਏ ਦੇ ਨਿੱਜੀ ਮੁਚੱਲਕੇ 'ਤੇ ਜ਼ਮਾਨਤ ਦਿੱਤੀ ਹੈ। ਕਲਿਆਣ ਸਿੰਘ ਦੇ ਖਿਲਾਫ ਆਈ ਪੀ ਸੀ ਦੀ ਧਾਰਾ 153ਏ, 153ਬੀ, 295ਏ, 505 ਅਤੇ 120ਬੀ ਦੇ ਹੇਠ ਦੋਸ਼ ਤੈਅ ਕੀਤੇ ਗਏ ਅਤੇ ਧਾਰਾ 147 ਤੇ 149 ਦੀਆਂ ਧਾਰਾਵਾਂ ਵੀ ਲਾਈਆਂ ਗਈਆਂ ਹਨ

# ਕਾਂਗਰਸ ਵਿੱਚ ਕਲੇਸ਼: ਤ੍ਰਿਪਤ ਰਾਜਿੰਦਰ ਬਾਜਵਾ ਨੇ ਪ੍ਰਤਾਪ ਸਿੰਘ ਬਾਜਵਾ ਖਿਲਾਫ ਮੋਰਚਾ ਖੋਲ੍ਹਿਆ

ਚੰਡੀਗੜ੍ਹ, 29 ਸਤੰਬਰ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਦੇ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਹੈ ਕਿ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਕਾਂਗਰਸ ਦੇ ਰਾਜਸੀ ਵਿਰੋਧੀਆਂ ਦੇ ਹੱਥੀਂ ਖੇਡਣਾ ਤੇ ਪਾਰਟੀ ਦਾ ਨੁਕਸਾਨ ਕਰਨ ਵਾਲਾ ਭੰਡੀ ਪ੍ਰਚਾਰ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਉੱਪ ਚੋਣਾਂ ਤੋਂ ਬਿਲਕੁਲ ਪਹਿਲਾਂ ਬੇਅਦਬੀ ਦੇ ਕੇਸ ਬਾਰੇ ਆਪਣੀ ਪਾਰਟੀ ਦੀ ਸਰਕਾਰ ਵਿਰੁੱਧ ਬਿਆਨਬਾਜ਼ੀ ਇਨ੍ਹਾਂ ਚੋਣਾਂ ਵਿਚ ਪਾਰਟੀ ਦਾ ਨੁਕਸਾਨ ਕਰਨ ਦੀ ਨੀਤ ਨਾਲ ਸ਼ੁਰੂ ਕੀਤੀ ਹੈ।

ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਪੰਜਾਬ ਵਿਚ ਏਦਾਂ ਦਾ ਸਿਆਸੀ ਮਾਹੌਲ ਬਣਾ ਦੇਣਾ ਚਾਹੁੰਦੇ ਹਨ ਕਿ ਇਨ੍ਹਾਂ ਉੱਪ ਚੋਣਾਂ ਵਿਚ ਕਾਗਰਸ ਦੀ ਹਾਰ ਹੋਵੇ ਤੇ ਉਹ ਇਸ ਹਾਰ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਹਥਿਆਰ ਵਜੋਂ ਵਰਤ ਕੇ ਆਪਣੀ ਨਿੱਜੀ



ਸਿਆਸੀ ਕਿੜ ਕੱਢ ਸਕਣ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਬਾਰੇ ਜਿਵੇਂ ਪ੍ਰਤਾਪ ਸਿੰਘ ਬਾਜਵਾ ਪਿਛਲੇ ਦਿਨਾਂ ਤੋਂ ਬਿਆਨਬਾਜ਼ੀ ਕਰਦੇ ਪਏ ਹਨ, ਉਸ ਤੋਂ ਕੋਈ ਸ਼ੱਕ ਨਹੀਂ ਰਹਿੰਦਾ ਕਿ ਉਹ ਕਾਂਗਰਸ ਦੇ ਰਾਜਸੀ ਵਿਰੋਧੀਆਂ ਦੇ ਹੱਥੀਂ ਖੇਡ ਰਹੇ ਹਨ, ਜਿਹੜੇ ਇਹ ਨਹੀਂ ਚਾਹੁੰਦੇ ਕਿ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਸਿਰੇ ਲੱਗ ਕੇ ਸੱਚ ਲੋਕਾਂ ਅੱਗੇ ਆਵੇ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਮੋਢਿਆਂ ਉੱਤੇ ਸਵਾਰ ਹੋ ਕੇ ਪ੍ਰਤਾਪ ਸਿੰਘ ਬਾਜਵਾ ਆਪਣੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਉੱਤੇ ਬਾਦਲਾਂ ਨਾਲ ਰਲੇ ਹੋਏ ਹੋਣ ਦੇ ਦੋਸ਼ ਲਾਉਣ ਤੱਕ ਚਲੇ ਗਏ ਹਨ, ਪਰ ਸੱਚ ਇਹ ਹੈ ਕਿ ਪ੍ਰਤਾਪ ਸਿੰਘ ਬਾਜਵਾ ਕਾਂਗਰਸ ਹਾਈ ਕਮਾਂਡ ਵਲੋਂ ਉਨ੍ਹਾਂ ਦੀ ਥਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਬਣਾਉਣ ਕਾਰਨ ਆਪਣੀ ਹਉਮੈ ਨੂੰ ਲੱਗੀ ਸੱਟ ਦੇ ਜ਼ਖ਼ਮ ਅਜੇ ਵੀ ਨਹੀਂਭੁੱਲੇ। ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਜੇ ਪ੍ਰਤਾਪ ਸਿੰਘ ਬਾਜਵਾ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਕਾਰਜ-ਸ਼ੈਲੀ ਜਾਂ ਕੰਮਾਂ ਉੱਤੇ ਇਤਰਾਜ਼ ਹੈ ਜਾਂ ਉਸ ਕੋਲ ਅਮਰਿੰਦਰ ਸਿੰਘ ਵਲੋਂ ਬੇਅਦਬੀ ਦੀਆਂ ਘਟਨਾਵਾਂ ਵਿਚ ਬਾਦਲਾਂ ਦੇ ਬਚਾਅ ਦਾ ਕੋਈ ਸਬੂਤ ਹੈ ਤਾਂ ਉਨ੍ਹਾਂ ਨੂੰ ਪਾਰਟੀ ਦੇ ਅੰਦਰ ਇਹ ਮੁੱਦਾ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਸਲਾਹ ਦਿੱਤੀ ਕਿ ਪੰਜਾਬ ਵਿਚ ਆਪਣੀ ਪਾਰਟੀ ਦੀ ਸਰਕਾਰ ਦੇ ਵਿਰੁੱਧ ਭੰਡੀ ਪ੍ਰਚਾਰ ਦੀ ਥਾਂ ਉੱਪ ਚੋਣਾਂ ਵਿਚ ਪਾਰਟੀ ਦੀ ਜਿੱਤ ਲਈ ਕੰਮ ਕਰਨ।

# ਯੂਕ੍ਰੇਨ ਕੇਸ ਵਿੱਚ ਨਾਂ ਆਉਣ ਪਿੱਛੋਂ ਅਮਰੀਕੀ ਦੂਤ ਦਾ ਅਸਤੀਫ਼ਾ

ਵਾਸ਼ਿੰਗਟਨ, 29 ਸਤੰਬਰ, (ਪੋਸਟ ਬਿਊਰੋ)-ਯੂਕ੍ਰੇਨ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਕਰਟ ਵੋਲਕਰ ਨੇ ਅਸਤੀਫ਼ਾ ਦੇ ਦਿੱਤਾ ਹੈ ਅਤੇ ਇਸ ਨਾਲ ਰਾਸ਼ਟਰਪਤੀ ਚੋਣ ਦਾ ਵਿਵਾਦ ਹੋਰ ਵਧ ਗਿਆ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਦੀ ਇਕ ਪਾਰਲੀਮੈਂਟਰੀ ਕਮੇਟੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦੀ ਜਾਂਚ ਵਾਸਤੇਇਸ ਰਾਜਦੂਤ ਨੂੰ ਪੁੱਛਗਿੱਛ ਲਈ ਤਲਬ ਕੀਤਾ ਹੈ। ਟਰੰਪ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਅਗਲੇ ਸਾਲ ਦੀ ਰਾਸ਼ਟਰਪਤੀ ਚੋਣ ਵਿੱਚ ਆਪਣੇ ਵਿਰੁੱਧ ਡੈਮੋਕ੍ਰੇਟ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾ ਸਕਦੇ ਜੋ ਬਿਡੇਨ ਨੂੰ ਬਦਨਾਮ ਕਰਨ ਲਈ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਉੱਤੇ ਦਬਾਅ ਬਣਾਇਆ ਸੀ। ਟਰੰਪ ਨੇ ਜੇਲੇਂਸਕੀ ਨਾਲ ਬੀਤੀ 25 ਜੁਲਾਈ ਨੂੰ ਫੋਨ ਉੱਤੇ ਗੱਲਬਾਤ ਵਿੱਚ ਬਿਡੇਨ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਸ਼ੁਰੂ ਕਰਨ ਦਾ ਦਬਾਅ ਬਣਾਇਆ ਸੀ। ਇਨ੍ਹਾਂ ਦੋਸ਼ਾਂ ਤੋਂ ਡੋਨਾਲਡਟਰੰਪ ਨੇ ਇਨਕਾਰ ਕੀਤਾ ਹੈ। ਯੂਕ੍ਰੇਨ ਦੇ ਰਾਸ਼ਟਰਪਤੀ ਨਾਲ ਗੱਲਬਾਤ ਅਤੇ ਦਬਾਅ ਪਾਏ ਜਾਣ ਦੇ ਇਸ ਕੇਸ ਵਿੱਚਵਿਸ਼ੇਸ਼ ਦੂਤਵੋਲਕਰ ਦਾ ਵੀ ਨਾਂ ਆਇਆ ਹੈ।

ਇਸ ਕੇਸ ਦੀ ਜਾਂਚ ਨਾਲ ਜੁੜੇ ਇਕ ਅਧਿਕਾਰੀ ਨੇ ਦੱਸਿਆ ਕਿ

*** ਮਾਮਲਾ ਟਰੰਪ ਦੀ ਚੋਣ ਮੁਹਿੰਮ ਵਿੱਚ ਵਿਦੇਸ਼ੀ ਦਖਲ ਦਾ**

ਪਾਰਲੀਮੈਂਟਰੀ ਕਮੇਟੀ ਵੱਲੋਂ ਸੱਦੇ ਜਾਣਮਗਰੋਂ ਵੋਲਕਰ ਨੇ ਸ਼ੁੱਕਰਵਾਰ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਟਰੰਪ ਕੇਸ ਦੀ ਜਾਂਚ ਕਰ ਰਹੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਦੀ ਇਕ ਕਮੇਟੀ ਨੇ ਵੋਲਕਰ ਨੂੰ ਵੀਰਵਾਰ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ। ਹੇਠਲੇ



ਸਦਨ ਦੀ ਸਪੀਕਰ ਨੈਂਸੀ ਪੇਲੋਸੀ ਨੇ ਬੀਤੇ ਮੰਗਲਵਾਰ ਨੂੰ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਚਲਾਉਣ ਲਈ ਜਾਂਚ ਕਰਾਉਣ ਦਾ ਐਲਾਨ ਕੀਤਾ ਸੀ। ਇਸ ਸਦਨ ਵਿੱਚ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਬਹੁਮਤ ਵਿੱਚ ਹਨ। ਟਰੰਪ ਉੱਤੇ ਲੱਗੇ ਦੋਸ਼ਾਂ ਮੁਤਾਬਕ ਵੋਲਕਰ ਨੇ ਇਸ ਗੱਲ ਬਾਰੇ ਯੂਕ੍ਰੇਨ ਦੇ ਕਈ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਕਿ ਟਰੰਪ ਦੀ ਮੰਗ ਉੱਤੇ ਅਮਲ ਕਿਵੇਂ ਕੀਤਾ ਜਾਵੇ। ਟਰੰਪ ਪ੍ਰਸ਼ਾਸਨ ਨੇ 2017 ਵਿੱਚ ਵੋਲਕਰ ਨੂੰ ਯੂਕ੍ਰੇਨ ਮਾਮਲੇ ਵਿੱਚ ਅਮਰੀਕੀ ਨੀਤੀ ਦਾ ਮੁਖੀ ਨਿਯੁਕਤ ਕੀਤਾ ਸੀ ਅਤੇ ਟਰੰਪ ਦੇ ਚੋਣ ਕਾਰਨ ਹੀ ਉਸ ਨੂੰ ਅਹੁਦਾ ਛੱਡਣਾ ਪਿਆ ਹੈ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •





ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

TransExpert
NOW HIRING! Skylark LOGISTICS INC.
Highway US Drivers & Owner Operators Wanted
• 2 year experience must • Drivers paid 60C per mile.
• Midwest runs • Direct deposit payments .
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ




Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਧਾਲੀਵਾਲ ਦੀ ਮੌਤ ਨਾਲ ਟੈਕਸਸ ਦੀ ਹੈਰਿਸ ਕਮਿਊਨਿਟੀ ਵਿੱਚ ਦੌੜੀ ਸੋਗ ਦੀ ਲਹਿਰ

...ਪੰਨਾ 1 ਦਾ ਬਾਕੀ

ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਆਖਿਆ ਕਿ ਡਿਪਟੀ ਧਾਲੀਵਾਲ ਸਾਡੀ ਕਾਊਂਟੀ, ਸਾਡੀ ਸਟੇਟ, ਸਾਡੇ ਦੇਸ਼ ਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਬਹੁਤ ਹੀ ਦਮਦਾਰ ਤੇ ਈਮਾਨਦਾਰ ਅਧਿਕਾਰੀ ਸੀ ਜਿਹੜਾ ਹਰ ਪਲ ਕਾਨੂੰਨ ਦੀ ਪਾਲਣਾ ਕਰਵਾਉਣ ਵਿੱਚ ਰੁੱਝਿਆ ਰਹਿੰਦਾ ਸੀ। ਉਸ ਨੇ ਆਪਣੇ ਧਰਮ ਦਾ ਮਾਣ ਰੱਖਦਿਆਂ ਹੋਇਆਂ ਪੱਗ ਬੰਨ੍ਹ ਕੇ ਤੇ ਦਾੜ੍ਹੀ ਰੱਖਕੇ ਗਸ਼ਤ ਕਰਨ ਦੀ ਇਜਾਜ਼ਤ ਲੈ ਲਈ ਸੀ। ਉਹ ਸਹਿਣਸ਼ੀਲਤਾ ਤੇ ਭਾਈਚਾਰੇ ਦੀ ਜਿਊਂਦੀ ਜਾਗਦੀ ਮਿਸਾਲ ਸੀ।

ਹੈਰਿਸ ਕਾਊਂਟੀ ਦੇ ਸ਼ੈਰਿਫ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਡਿਪਟੀ ਧਾਲੀਵਾਲ ਦੀ ਮੌਤ ਲਈ 47 ਸਾਲਾ ਰੌਬਰਟ ਸੌਲਿਸ ਨਾਂ ਦੇ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਪੁਲਿਸ ਦੀ ਰਿਪੋਰਟ ਮੁਤਾਬਕ ਸ਼ੁੱਕਰਵਾਰ ਨੂੰ ਜਦੋਂ ਧਾਲੀਵਾਲ ਨੇ ਇੱਕ ਗੱਡੀ ਨੂੰ ਰੋਕਿਆ ਤਾਂ ਉਸ ਨੇ ਡਰਾਈਵਰ ਨੂੰ ਬਾਹਰ ਆਉਣ ਲਈ ਆਖਿਆ। ਇਸ ਤੋਂ ਬਾਅਦ 47 ਸਾਲਾ ਰੌਬਰਲ ਸੌਲਿਸ ਨਾਂ ਦਾ ਇਹ ਵਿਅਕਤੀ ਧਾਲੀਵਾਲ ਦੀ ਪੈਟਰੋਲ ਕਾਰ ਤੱਕ ਉਸ ਦੇ ਪਿੱਛੇ ਪਿੱਛੇ ਗਿਆ ਤੇ ਉੱਥੇ ਜਾ ਕੇ ਉਸ ਨੇ ਪਿਛਲੇ ਪਾਸਿਓਂ ਹੀ ਧਾਲੀਵਾਲ ਉੱਤੇ ਦੋ ਗੋਲੀਆਂ ਦਾਗ ਦਿੱਤੀਆਂ, ਜਿਨ੍ਹਾਂ ਵਿੱਚੋਂ ਇੱਕ ਗੋਲੀ ਉਸ ਦੇ ਸਿਰ ਵਿੱਚ ਲੱਗੀ ਜੋ ਜਾਨਲੇਵਾ ਸਾਬਿਤ ਹੋਈ। ਧਾਲੀਵਾਲ ਨੂੰ ਆਪਣਾ ਬਚਾਅ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਸ਼ੈਰਿਫ ਗੌਂਜ਼ਾਲੇਜ਼ ਨੇ ਦੱਸਿਆ ਕਿ ਸੌਲਿਸ ਖਿਲਾਫ ਐਕਟਿਵ ਪੈਟਰੋਲ ਵਾਇਲੇਸ਼ਨ ਵਾਰੰਟ ਪਹਿਲਾਂ ਤੋਂ ਹੀ ਸੀ। 2017 ਵਿੱਚ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਲਈ ਇਹ ਵਾਰੰਟ ਉਸ ਖਿਲਾਫ ਪਹਿਲਾਂ ਤੋਂ ਹੀ ਜਾਰੀ ਸੀ।

ਧਾਲੀਵਾਲ ਦੀਆਂ ਅੰਤਿਮ ਰਸਮਾਂ ਬੁੱਧਵਾਰ ਨੂੰ ਨਿਭਾਈਆਂ ਜਾਣਗੀਆਂ। ਦੁਨੀਆ ਭਰ ਦੇ ਸਿੱਖ ਭਾਈਚਾਰੇ ਵੱਲੋਂ ਧਾਲੀਵਾਲ ਦੀ ਮੌਤ ਉੱਤੇ ਦੁੱਖ ਪ੍ਰਗਟਾਇਆ ਜਾ ਰਿਹਾ ਹੈ। ਇਸ ਦੌਰਾਨ ਪੀਲ ਪੁਲਿਸ ਦੇ ਜਵਾਨਾਂ ਵੱਲੋਂ ਸੰਦੀਪ ਦੇ ਪਰਿਵਾਰ ਦੀ ਮਦਦ ਵਾਸਤੇ ਟਰਸਟ ਫੰਡ ਖੋਲ੍ਹਿਆ ਗਿਆ ਹੈ। ਇਸ ਟਰਸਟ ਫੰਡ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

- ਟੀਡੀ ਬੈਂਕ ਟਰਾਂਜ਼ਿਟ ਨੰਬਰ 21292
- ਇੰਸਟੀਚਿਊਸ਼ਨ ਨੰਬਰ 004
- ਐਕਾਊਂਟ ਨੰਬਰ 6320210

# ਏਅਰ ਇੰਡੀਆ ਟਰਾਂਟੋ ਨਵੀਂ ਦਿੱਲੀ ਨੇ ਭਰੀ ਸਿੱਧੀ ਉਡਾਨ

...ਪੰਨਾ 1 ਦਾ ਬਾਕੀ

ਜਿਸ ਦੇ ਉਦਘਾਟਨੀ ਸਮਾਰਹਿ ਵਿੱਚ ਭਾਰਤ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਭਾਰਤ ਦੇ ਸਿਵਲ ਐਵੀਏਸ਼ਨ ਮੰਤਰੀ ਹਰਦੀਪ ਸਿੰਘ ਪੁਰੀ, ਏਅਰ ਇੰਡੀਆ ਦੇ ਸੀ ਐਮ ਡੀ ਅਸ਼ਵਨੀ ਲੋਹਹਾਨੀ,ਕੈਨੇਡਾ ਵਿੱਚਲੇ ਭਾਰਤੀ ਹਾਈ ਕਮਿਸ਼ਨਰ ਵਿਕਾਸ ਸਵਰੂਪ, ਟਰਾਂਟੋ ਸਥਿੱਤ ਭਾਰਤੀ ਕਾਂਸਲੇਟ ਜਨਰਲ ਅਪੂਰਵਾ ਸ਼੍ਰੀਵਾਸਤਵ, ਓਨਟਾਰੀਓ ਸੂਬੇ ਦੀ ਸਰਕਾਰ ਵੱਲੋਂ ਭਾਰਤੀ ਮੂਲ ਦੇ ਤਿੰਨ ਐਮ ਪੀ ਪੀ, ਨੀਨਾ ਟਾਂਗਰੀ, ਦੀਪਕ ਆਨੰਦ ਅਤੇਅਮਰਜੋਤ ਸੰਧੂ ਪੁੱਜੇ ਹੋਏ ਸਨ। ਇਸ ਉਦਘਾਟਨੀ ਸਮਾਰੋਹ ਤੇ ਵੱਖ ਵੱਖ ਆਏ ਮਹਿਮਾਂਨਾਂ ਵੱਲੋਂ ਇਸ ਉਡਾਨ ਨੂੰ ਸ਼ੁਭ ਮਹੂਰਤ ਦੱਸਿਆ ਅਤੇ ਹਫਤੇ ਦੇ ਤਿੰਨ ਦਿਨ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਸਵੇਰੇ ਤੜਕੇ 3 ਵਜੇ ਨਵੀਂ ਦਿੱਲੀ ਤੋਂ ਚੱਲ ਕੇ ਇਹ ਉਡਾਨ ਟਰਾਂਟੋ ਸਮੇਂ ਮੁਤਾਬਕ ਸਵੇਰੇ 8,45 ਤੇ ਪੁੱਜੇਗੀ ਅਤੇ ਦੁਪਿਹਰ 12,15 ਤੇ ਵਾਪਸ ਚੱਲੇਗੀ ਅਤੇ ਨਵੀਂ ਦਿੱਲੀ ਦੁਪਹਿਰ 12,15 ਤੇ ਪੁੱਜੇਗੀ। ਸਿਤਮ ਜਰੀਫੀ ਦੀ ਗੱਲ ਇਹ ਹੈ ਕਿ "ਇਸ ਸਿੱਧੀ ਉਡਾਨ" ਵਿੱਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਅੰਮ੍ਰਿਤਸਰ ਦੇ ਉਪਰੋਂ ਲੰਘ ਕੇ ਨਵੀਂ ਦਿੱਲੀ ਜਾਣਾਂ ਪਵੇਗਾ ਅਤੇ ਨਵੀਂ ਦਿੱਲੀ ਹਵਾਈ ਅੱਡੇ ਤੋਂ ਆਪਣਾ ਸਮਾਨ ਲੈ ਕੇ 5 ਘੰਟੇ ਦੀ ਉਡੀਕ ਪਿੱਛੋਂ ਦੁਬਾਰਾ 5,15 ਤੇ ਅਗਲੇ ਜਹਾਜ਼ ਚ ਇਕ ਘੰਟੇ ਦਾ ਸਫਰ ਕਰਨਾਂ ਪਵੇਗਾ। ਇਸੇ ਫਲਾਈਟ ਚ ਅਗਲੇ ਦਿਨਾਂ ਚ ਸਫਰ ਕਰਨ ਵਾਲਿਆਂ ਦਾ ਟਿਕਟਾਂ ਦੀ ਖਰੀਦ ਸਬੰਧੀ ਵੀ ਕਈ ਤਰ੍ਹਾਂ ਦੇ ਖਦਸ਼ੇ ਪਾਏ ਗਾਏ। ਇਸ ਉਦਘਾਟਨੀ ਸਮਾਰੋਹ ਚ ਸ਼ਾਮਲ ਇਕ ਮਹਿਲਾ ਨੇ ਦੱਸਿਆ ਕਿ ਉਸ ਦੀ ਮਾਤਾ ਜੋ ਇਸੇ ਹਫਤੇ ਅੰਮ੍ਰਿਤਸਰ ਤੋਂ ਆ ਰਹੀ ਹੈ ਉਸ ਨੂੰ ਟਿਕਟ ਦੇ 2100 ਤੋਂ ਵੱਧ ਕੈਨੇਡੀਅਨ ਡਾਲਰ ਦੇਣੇ ਪਏ ਜਦੋਂ ਕਿ ਇਕ ਹੋਰ ਵਿਅਕਤੀ ਨੇ ਟਰਾਂਟੋ ਅੰਮ੍ਰਿਤਸਰ ਟਿਕਟ 1500 ਡਾਲਰ ਦੀ ਖਰੀਦੀ ਜਦੋਂ ਕਿ ਉਸੇ ਦਿਨ ਜਾਣ ਅਤੇ ਆਣ ਦੀ ਇਹ ਟਿਕਟ 1424 ਡਾਲਰ ਦੀ ਕਿਸੇ ਹੋਰ ਏਜੰਟ ਕੋਲ ਵੇਚਣ ਲਈ ਹਾਜ਼ਰ ਸੀ। ਚੇਤੇ ਰਹੇ ਏਅਰ ਇੰਡੀਆ ਦੀਆਂ ਟਿਕਟਾਂ ਵੇਚਣ ਵਾਲੇ ਏਜੰਟਾਂ ਅਨੁਸਾਰ ਟਰਾਂਟੋ ਸਥਿਤ ਏਅਰ ਇੰਡੀਆ ਦੇ ਦਫਤਰ ਵੱਲੋਂ ਕਰੈਡਿਟ ਕਾਰਡ ਤੋਂ ਟਿਕਟਾਂ ਵੇਚਣ ਦਾ ਕੋਈ ਪ੍ਰਬੰਧ ਅਜੇ ਨਹੀਂ ਹੈ। ਅਜਿਹੇ ਸਿਸਟਮ ਦੇ ਹੁੰਦਿਆਂ ਟਿਕਟਾਂ ਖਰੀਦਣ ਵਾਲਿਆਂ ਨੂੰ ਨਕਦ ਪੈਸੇ ਦੇਣ ਤੇ ਸ਼ੋਸ਼ਣ ਵੀ ਹੋ ਰਿਹਾ ਹੈ।

# ਅਸੀਂ ਖੋਖਲੇ ਵਾਅਦਿਆਂ ਦੀ ਥਾਂ ਠੋਸ ਕਾਰਵਾਈ ਵਿੱਚ ਯਕੀਨ ਕਰਦੇ ਹਾਂ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਐਨਡੀਪੀ ਫੌਰੀ ਤੌਰ ਉੱਤੇ ਆਰਸੀਐਮਪੀ ਦੀ ਐਂਟੀ ਮਨੀ ਲਾਂਡਰਿੰਗ ਯੂਨਿਟ ਕਾਇਮ ਕਰੇਗੀ ਤੇ ਰੀਅਲ ਅਸਟੇਟ ਦੀ ਲੁਕਵੀਂ ਕਾਰ-ਪੋਰੇਟ ਮਲਕੀਅਤ ਵੀ ਖ਼ਤਮ ਕਰੇਗੀ। ਇਹ ਸੱਭ ਟੈਕਸ ਦੀ ਚੋਰੀ ਤੇ ਫਰਾਡ ਰੋਕਣ ਲਈ ਕੀਤਾ ਜਾਵੇਗਾ।

ਜਗਮੀਤ ਸਿੰਘ ਨੇ ਆਖਿਆ ਕਿ ਜਿਹੜੇ ਨੌਜਵਾਨਾਂ ਨੂੰ ਪਿੱਛੇ ਛੱਡ ਦਿੱਤਾ ਗਿਆ ਹੈ ਉਨ੍ਹਾਂ ਨਾਲ ਖੜ੍ਹਨ ਲਈ ਕੋਈ ਤਾਂ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਸ ਸਮੇਂ ਸਰ੍ਹੀ ਦੇ ਲੋਕਾਂ ਦੀਆਂ ਦੋ ਮੁੱਖ ਤਰਜੀਹਾਂ ਹਨ-ਗੈਂਗ ਐਕਟੀਵਿਟੀ ਨੂੰ ਰੋਕਣਾ ਤੇ ਹਾਊਸਿੰਗ ਸੰਕਟ ਨਾਲ ਨਜਿੱਠਣਾ। ਇਸ ਲਈ ਸਰ੍ਹੀ ਵਾਸੀਆਂ ਨੂੰ ਓਟਵਾ ਵਿੱਚ ਅਜਿਹੀ ਸਰਕਾਰ ਚਾਹੀਦੀ ਹੈ ਜਿਹੜੀ ਇਨ੍ਹਾਂ ਮੁੱਦਿਆ ਨੂੰ ਗੰਭੀਰਤਾ ਨਾਲ ਲੈ ਸਕੇ। ਅਸੀਂ ਖੋਖਲੇ ਵਾਅਦਿਆਂ ਦੀ ਥਾਂ ਠੋਸ ਕਾਰਵਾਈ ਵਿੱਚ ਯਕੀਨ ਕਰਦੇ ਹਾਂ ਕਿਉਂਕਿ ਐਨਡੀਪੀ ਚੋਣਾਂ ਦੇ ਪਿੜ ਵਿੱਚ ਸਿਰਫ ਤੁਹਾਡੇ ਕਰਕੇ ਹੀ ਨਿੱਤਰੀ ਹੈ।

# ਟਰੈਵਲ ਏਜੰਟ ਦੇ ਦਫਤਰ ਅੱਗੇ ਇੱਕ ਵਿਅਕਤੀ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼

ਮਾਛੀਵਾੜਾ ਸਾਹਿਬ, 29 ਸਤੰਬਰ (ਪੋਸਟ ਬਿਊਰੋ)- ਕੱਲ੍ਹ ਮਾਛੀਵਾੜਾ-ਸਮਰਾਲਾ ਰੋਡ 'ਤੇ ਇੱਕ ਟਰੈਵਲ ਏਜੰਟ ਦੇ ਦਫਤਰ ਅੱਗੇ ਓਦੋਂ ਤਰਥੱਲੀ ਮਚ ਗਈ, ਜਦੋਂ ਇੱਕ ਧਰਮਿੰਦਰ ਸਿੰਘ ਵਾਸੀ ਕੋਟਾਲਾ ਬੇਟ ਨੇ ਇਸ ਏਜੰਟ ਤੋਂ ਦੁਖੀ ਹੋ ਕੇ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ।

ਪੀੜਤ ਵਿਅਕਤੀ ਧਰਮਿੰਦਰ ਸਿੰਘ ਦੀ ਜੇਬ ਵਿੱਚੋਂ ਮਿਲੇ ਸੁਸਾਈਡ ਨੋਟ ਦੇ ਅਨੁਸਾਰ ਇਸ ਟਰੈਵਲ ਏਜੰਟ ਨੇ ਉਸ ਨੂੰ 24 ਲੱਖ ਰੁਪਏ ਵਿੱਚ ਅਮਰੀਕਾ ਭੇਜਣ ਦਾ ਵਾਅਦਾ ਕੀਤਾ ਅਤੇ 15 ਲੱਖ ਰੁਪਏ ਪੇਸ਼ਗੀ ਲਏ ਸਨ। ਧਰਮਿੰਦਰ ਸਿੰਘ ਦੇ ਅਨੁਸਾਰ ਪਹਿਲਾਂ ਛੇ ਮਹੀਨੇ ਉਹ ਉਸ ਨੂੰ ਲਾਰੇ ਲਾਉਂਦਾ ਰਿਹਾ ਅਤੇ ਫਿਰ ਉਸਦਾ ਗ੍ਰੀਸ ਦਾ ਵੀਜ਼ਾ ਲਾ ਦਿੱਤਾ। ਧਰਮਿੰਦਰ ਸਿੰਘ ਨੇ 24 ਲੱਖ ਰੁਪਏ ਅਮਰੀਕਾ ਜਾਣ ਲਈ ਦਿੱਤੇ ਸਨ, ਪਰ ਉਸ ਨਾਲ ਧੋਖਾ ਕੀਤਾ ਗਿਆ ਤੇ ਜਦੋਂ ਉਸ ਨੇ ਪੈਸੇ ਵਾਪਸ ਮੰਗੇ ਤਾਂ ਏਜੰਟ ਨੇ ਨਾਂਹ ਕਰ ਦਿੱਤੀ, ਜਿਸ ਕਾਰਨ ਉਸ ਨੇ ਇਹ ਪੁਲਸ ਨੂੰ ਦੱਸਿਆ। ਉਹ ਇਸ ਕੇਸ ਦੀ ਜਾਂਚ ਕਰ ਰਹੇ ਖੰਨਾ ਦੇ ਪੁਲਸ ਅਧਿਕਾਰੀ ਕੋਲ ਗਿਆ, ਪਰ ਉਥੇ ਉਕਤ ਟਰੈਵਲ ਏਜੰਟ ਸਾਰੇ ਪੈਸੇ ਵਾਪਸ ਦੇਣ ਦੀ ਥਾਂ ਅੱਠ ਲੱਖ ਰੁਪਏ ਕੱਟ ਕੇ ਦੇਣ ਦੀ ਜ਼ਿੱਦ ਕਰਦਾ ਰਿਹਾ। ਕੱਲ੍ਹ ਬਾਅਦ ਦੁਪਹਿਰ ਧਰਮਿੰਦਰ ਸਿੰਘ ਸਮਰਾਲਾ ਰੋਡ 'ਤੇ ਉਸ ਟਰੈਵਲ ਏਜੰਟ ਦੇ ਦਫਤਰ ਗਿਆ ਤੇ ਪੈਸੇ ਵਾਪਸ ਮੰਗੇ, ਇਥੇ ਦੋਵਾਂ ਦੀ ਥੋੜ੍ਹੀ ਤਕਰਾਰ ਵੀ ਹੋਈ। ਧਰਮਿੰਦਰ ਪਹਿਲਾਂ ਹੀ ਆਪਣੀ ਜੇਬ ਵਿੱਚ ਜ਼ਹਿਰੀਲੀ ਵਸਤੂ ਲੈ ਕੇ ਆਇਆ ਸੀ, ਉਸ ਨੇ ਦਫਤਰ ਦੇ ਬਾਹਰ ਖੁਦਕੁਸ਼ੀ ਕਰਨ ਲਈ ਇਹ ਦਵਾਈ ਨਿਗਲ ਲਈ। ਇਸ ਤੋਂ ਬਾਅਦ ਟਰੈਵਲ ਏਜੰਟ ਦਫਤਰ ਬੰਦ ਕਰ ਕੇ ਦੌੜ ਗਿਆ ਅਤੇ ਗੰਭੀਰ ਹਾਲਤ ਵਿੱਚ ਧਰਮਿੰਦਰ ਸਿੰਘ ਨੂੰ ਮਾਛੀਵਾੜਾ ਹਸਪਤਾਲ ਲਿਆਂਦਾ ਤਾਂ ਡਾਕਟਰਾਂ ਨੇ ਉਸ ਨੂੰ ਨਵਾਂ ਸ਼ਹਿਰ ਰੈਫਰ ਕਰ ਦਿੱਤਾ। ਇਸ ਬਾਰੇ ਮਾਛੀਵਾੜਾ ਥਾਣਾ ਦੇ ਮੁਖੀ ਗੁਰਦੀਪ ਸਿੰਘ ਨੇ ਕਿਹਾ ਕਿ ਖੁਦਕੁਸ਼ੀ ਕਰਨ ਵਾਲੇ ਵਿਅਕਤੀ ਦੇ ਬਿਆਨ ਦਰਜ ਕੀਤੇ ਜਾਣਗੇ, ਉਸ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਟਰਾਂਸਪੋਰਟ ਨਗਰ ਵਿੱਚ ਸੜਕ ਟੱਪਦੇ ਬਜ਼ੁਰਗ ਜੋੜੇ ਨੂੰ ਟਰੱਕ ਨੇ ਕੁਚਲਿਆ

ਜਲੰਧਰ, 29 ਸਤੰਬਰ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਸਰਬ ਮਲਟੀਪਲੈਕਸ ਨੇੜੇ ਟਰੱਕ ਦੀ ਲਪੇਟ ਵਿੱਚ ਆ ਕੇ ਇੱਕ ਬਜ਼ੁਰਗ ਜੋੜੇ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਕੇਵਲ ਕ੍ਰਿਸ਼ਨ (70) ਤੇ ਉਨ੍ਹਾਂ ਦੀ ਪਤਨੀ ਰਾਜ ਰਾਣੀ (70) ਵਾਸੀ ਸ਼ਸ਼ੀ ਨਗਰ ਦੇ ਤੌਰ 'ਤੇ ਦੱਸੀ ਜਾ ਰਹੀ ਹੈ। ਥਾਣਾ ਇੰਚਾਰਜ ਰੁਪਿੰਦਰ ਸਿੰਘ ਨੇ ਦੱਸਿਆ ਕਿ ਦੁਪਹਿਰ ਕਰੀਬ ਤਿੰਨ ਵਜੇ ਟਰਾਂਸਪੋਰਟ ਨਗਰ ਦੇ ਨੇੜੇ ਸਰਬ ਮਲਟੀਪਲੈਕਸ ਦੇ ਕੋਲ ਸੜਕ ਕਰਾਸ ਕਰਦੇ ਸਮੇਂ ਬਜ਼ੁਰਗ ਜੋੜੇ ਨੂੰ ਤੇਜ਼ ਰਫਤਾਰ ਟਰੱਕ ਨੇ ਕੁਚਲ ਦਿੱਤਾ। ਹਾਦਸੇ ਦੇ ਬਾਅਦ ਟਰੱਕ ਡਰਾਈਵਰ ਫਰਾਰ ਹੋਣ ਵਾਲਾ ਸੀ ਤਾਂ ਲੋਕਾਂ ਨੇ ਉਸ ਨੂੰ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ। ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ ਪੁਲਸ ਨੂੰ ਦੱਸਿਆ ਕਿ ਬਜ਼ੁਰਗ ਜੋੜਾ ਕਰਤਾਰਪੁਰ ਵਿੱਚ ਰਹਿੰਦੇ ਰਿਸ਼ਤੇਦਾਰ ਦੇ ਭੋਗ ਵਿੱਚ ਸ਼ਾਮਲ ਹੋ ਕੇ ਮੁੜ ਰਿਹਾ ਸੀ ਕਿ ਸੜਕ ਕਰਾਸ ਕਰਨ ਵੇਲੇ ਟਰੱਕ ਨੇ ਉਨ੍ਹਾਂ ਨੂੰ ਕੁਚਲ ਦਿੱਤਾ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ। ਪੁਲਸ ਨੇ ਟਰੱਕ ਡਰਾਈਵਰ ਮੁਨੀਸ਼ ਕੁਮਾਰ ਪੁੱਤਰ ਨਾਨਕ ਚੰਦ ਵਾਸੀ ਰਾਜ ਕਲੋਨੀ ਨੇੜੇ ਮਹਿੰਦਰਾ ਕਾਲਜ ਪਟਿਆਲਾ ਨੂੰ ਗ੍ਰਿਫਤਾਰ ਕਰ ਲਿਆ ਹੈ।

# ਪਾਕਿਸਤਾਨ, ਤੁਰਕੀ ਤੇ ਮਲੇਸ਼ੀਆ ਸਾਂਝਾ ਇਸਲਾਮੀ ਟੀ ਵੀ ਚੈਨਲ ਲਾਂਚ ਕਰਨਗੇ : ਇਮਰਾਨ ਖਾਨ

ਨਿਊ ਯਾਰਕ, 29 ਸਤੰਬਰ (ਪੋਸਟ ਬਿਊਰੋ)- ਪਾਕਿ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਕਿਹਾ ਹੈ ਕਿ ਪਾਕਿ-ਸਤਾਨ, ਤੁਰਕੀ ਅਤੇ ਮਲੇਸ਼ੀਆ ਨੇ ਇਸਲਾਮ ਬਾਰੇ ਗਲਤ ਧਾਰਨਾਵਾਂ ਦੂਰ ਕਰਨ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇੱਕ ਅੰਗਰੇਜ਼ੀ ਭਾਸ਼ੀ ਇਸਲਾਮਕ ਟੈਲੀਵਿਜ਼ਨ ਚੈਨਲ ਦੀ ਮਿਲ ਕੇ ਸ਼ੁਰੂਆਤ ਕਰਨ ਦਾ ਫੈਸਲਾ ਲਿਆ ਹੈ।

ਯੂ ਐਨ ਜਨਰਲ ਅਸੈਂਬਲੀ ਦੇ 74ਵੇਂ ਸੈਸ਼ਨ ਵਿੱਚ ਹਿੱਸਾ ਲੈਣ ਲਈ ਨਿਊ ਯਾਰਕ ਗਏ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਵਿਸ਼ਵ ਨੂੰ ਇਸਲਾਮਕ ਇਤਿਹਾਸ ਤੋਂ ਜਾਣੂ ਕਰਾਉਣ ਲਈ ਮੁਸਲਮਾਨਾਂ ਨਾਲ ਸੰਬੰਧਤ ਪ੍ਰੋਗਰਾਮ ਅਤੇ ਫਿਲਮਾਂ ਚੈਨਲ 'ਤੇ ਪ੍ਰਸਾਰਿਤ ਕੀਤੀਆਂ ਜਾਣਗੀਆਂ। ਇਮਰਾਨ ਖਾਨ ਨੇ ਇੱਕ ਟਵੀਟ ਵਿੱਚ ਕਿਹਾ, ਰਾਸ਼ਟਰਪਤੀ ਰਜ਼ਬ ਤਇਅਬ ਏਰਡੋਗਾਨ, ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਅਤੇ ਮੈਂ ਕੱਲ੍ਹ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਇਸਲਾਮ ਬਾਰੇ ਗਲਤ ਧਾਰਨਾਵਾਂ ਦੂਰ ਕਰਨ ਤੇ ਸਾਡੇ ਮਹਾਨ ਧਰਮ ਇਸਲਾਮ ਬਾਰੇ ਇੱਕ ਅੰਗਰੇਜ਼ੀ ਚੈਨਲ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ। ਉਨ੍ਹਾਂ ਕਿਹਾ ਕਿ ਮੁਸਲਮਾਨਾਂ ਵਿਰੁੱਧ ਗਲਤ ਧਾਰਨਾਵਾਂ ਦੂਰ ਕੀਤੀਆਂ ਜਾਣਗੀਆਂ, ਧਰਮ ਨਿੰਦਾ ਦੇ ਮੁੱਦੇ ਨੂੰ ਸਹੀ ਪ੍ਰਸੰਗ ਵਿੱਚ ਪੇਸ਼ ਕੀਤਾ ਜਾਵੇਗਾ, ਆਪਣੇ ਲੋਕਾਂ ਨੂੰ ਜਾਗਰੂਕ ਕਰਨ, ਸਿਖਿਅਤ ਕਰਨ ਲਈ ਮੁਸਲਿਮ ਇਤਿਹਾਸ 'ਤੇ ਲੜੀਵਾਰ ਅਤੇ ਫਿਲਮਾਂ ਤਿਆਰ ਕੀਤੀਆਂ ਜਾਣਗੀਆਂ।

# ਯੂ ਐਨ ਸਕਿਓਰਟੀ ਕੌਂਸਲ ਦੇ ਵਿਸਥਾਰ ਲਈ ਭਾਰਤ, ਬ੍ਰਾਜ਼ੀਲ, ਜਰਮਨੀ, ਜਾਪਾਨ ਨੇ ਹੱਥ ਮਿਲਾਏ

ਨਿਊਯਾਰਕ, 29 ਸਤੰਬਰ (ਪੋਸਟ ਬਿਊਰੋ)- ਯੂ ਐੱਨ ਸਕਿਓਰਟੀ ਕੌਂਸਲ ਵਿੱਚ ਸੁਧਾਰ ਨੂੰ ਅੱਗੇ ਵਧਾਉਣ ਤੇ ਸਥਾਈ ਤੇ ਆਰਜ਼ੀ ਮੈਂਬਰਾਂ ਦੇ ਵਾਧੇ ਬਾਰੇ ਭਾਰਤ, ਜਰਮਨੀ, ਬ੍ਰਾਜ਼ੀਲ ਤੇ ਜਾਪਾਨ ਇਕੱਠੇ ਹੋ ਗਏ ਹਨ।

ਨਿਊਯਾਰਕ 'ਚ ਇਨ੍ਹਾਂ ਚਾਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਸਾਂਝਾ ਬਿਆਨ ਜਾਰੀ ਕਰਕੇ ਯੂ ਐੱਨ ਸਕਿਓਰਟੀ ਕੌਂਸਲ ਦੇ ਸੁਧਾਰ ਲਈ 2005 ਵਿੱਚ ਸਾਰੇ ਦੇਸ਼ਾਂ ਦੇ ਮੁੱਖੀਆਂ ਤੇ ਸਰਕਾਰਾਂ ਦੇ ਵਿਸ਼ਵ ਸੰਮੇਲਨ 'ਚ ਕੀਤੀਆਂ ਗਈਆਂ ਗੱਲਾਂ ਨੂੰ ਅੱਗੇ ਵਧਾਉਣ ਦੀ ਜ਼ਰੂਰਤ ਦੱਸੀ ਹੈ। ਇਹੀ ਨਹੀਂ ਸੁਰੱਖਿਆ ਪ੍ਰੀਸ਼ਦ 'ਚ ਚਾਰ ਦੇਸ਼ਾਂ ਨੇ ਸਥਾਈ ਮੈਂਬਰਾਂ ਲਈ ਇਕ ਦੂਜੇ ਨੂੰ ਸਹਿਯੋਗ ਕਰਨ ਦਾ ਐਲਾਨ ਵੀ ਕੀਤਾ। ਚਾਰਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਨੇ ਸਕਿਓਰਟੀ ਕੌਂਸਲ ਵੱਲੋਂ ਪਿੱਛੇ ਜਿਹੇ ਸ਼ੁਰੂ ਕੀਤੇ ਇੰਟਰ ਗਵਰਨਮੈਂਟ ਨੈਗੋਸੀਏਸ਼ਨਸ (ਆਈ ਜੀ ਐਨ) ਦੀ ਵੀ ਸਮੀਖਿਆ ਕੀਤੀ। ਇਸ ਵਿੱਚ ਪਾਇਆ ਗਿਆ ਕਿ ਆਈ ਜੀ ਐਨ ਸ਼ੁਰੂ ਹੋਣ ਪਿੱਛੋਂ ਵੀ ਕੋਈ ਪੱਕਾ ਨਤੀਜਾ ਨਹੀਂ ਮਿ-ਲਿਆ। ਆਈ ਜੀ ਐਨ ਵਿੱਚ ਪਾਰਦਰਸ਼ਤਾ ਦੀ ਘਾਟ ਹੋਣ ਦੇ ਨਾਲ ਕੰਮ ਕਰਨ ਦਾ ਤਰੀਕਾ ਵੀ ਸ਼ੱਕੀ ਹੈ। ਇਸੇ ਤਰ੍ਹਾਂ ਯੂ ਐੱਨ ਜਨਰਲ ਅਸੈਂਬਲੀ ਦੀ 1979 ਦੀ ਬੈਠਕ ਦੇ ਏਜੰਡੇ 'ਚ ਸਕਿਓਰਟੀ ਕੌਂਸਲ ਦੇ ਵਿਸਥਾਰ ਤੇ ਉਸ ਦੀ ਮੈਂਬਰਸ਼ਿਪ ਵਧਾਉਣ ਦਾ ਮੁੱਦਾ ਸ਼ਾਮਲ ਸਨ, ਪਰ 40 ਸਾਲਾਂ 'ਚ ਇਸ ਦਿਸ਼ਾ 'ਚ ਕੋਈ ਸਖਤ ਕਦਮ ਨਹੀਂ ਚੁੱਕਿਆ ਜਾ ਸਕਿਆ। ਇਨ੍ਹਾਂ ਵਿਦੇਸ਼ ਮੰਤਰੀਆਂ ਨੇ ਸਾਂਝੇ ਬਿਆਨ 'ਚ ਸਾਫ ਕਿਹਾ ਕਿ ਸਿਰਫ ਆਮ ਬਿਆਨ ਦੇ ਕੇ ਬਹਿਸ ਪੂਰੀ ਕਰਨ ਦੀ ਰਵਾਇਤ ਛੱਡਣ ਦਾ ਸਮਾਂ ਆ ਗਿਆ ਹੈ। ਯੂ ਐੱਨ ਦੇ ਵਧੇਰੇ ਮੈਂਬਰ ਸੁਰੱਖਿਆ ਕੌਂਸਲ ਦੇ ਸੁਧਾਰ ਅਤੇ ਆਈ ਜੀ ਐਨ ਨੂੰ ਟੀਚਾਮੁੱਖੀ ਪ੍ਰਕਿਰਿਆ ਨਾਲ ਜੋੜਨ ਦੇ ਹਾਮੀ ਹਨ। ਅਗਲੇ ਸਾਲ 2020 'ਚ ਯੂ ਐੱਨ ਓ ਦੀ 75ਵੀਂ ਵਰ੍ਹੇਗੰਢ ਨੂੰ ਦੇਖਦਿਆਂ ਚਾਰਾਂ ਵਿਦੇਸ਼ ਮੰਤਰੀ ਨੇ ਆਸ ਪ੍ਰਗਟਾਈ ਕਿ ਮੌਜੂਦਾ ਜਨਰਲ ਅਸੈਂਬਲੀ ਵਿੱਚ ਸਕਿਓਰਟੀ ਕੌਂਸਲ ਦੇ ਸੁਧਾਰਾਂ ਦਾ ਰਸਤਾ ਸਾਫ ਹੋਵੇਗਾ, ਜਿਨ੍ਹਾਂ 'ਚ ਸਥਾਈ ਮੈਂਬਰਾਂ ਦੇ ਨਾਲ ਆਰਜ਼ੀ ਮੈਂਬਰਾਂ ਦੀ ਗਿਣਤੀ ਵਧਾਉਣਾ ਸ਼ਾਮਲ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



























# ਦੇਸੀ ਗਊ ਧਨ ਸਾਂਭਣਾ ਅਤੇ ਅਮਰੀਕੀ ਸਾਨ੍ਹ ਬੁੱਚੜਖਾਨੇ ਭੇਜਣਾ ਸਮੇਂ ਦੀ ਮੰਗ...

–ਅਮਨ ਅਰੋੜਾ ('ਆਪ')

ਆਵਾਰਾ ਪਸ਼ੂਆਂ ਕਾਰਨ ਨਿੱਤ ਹੁੰਦੇ ਸੜਕ ਹਾਦਸਿਆਂ ਤੇ ਢੱਠਿਆਂ (ਸਾਨ੍ਹਾਂ) ਦੀਆਂ ਹਿੰਸਕ ਝੜਪਾਂ ਕਾਰਨ ਇਕੱਲੇ ਪੰਜਾਬ ਵਿੱਚ ਹਰ ਸਾਲ ਹੁੰਦੀਆਂ ਕਰੀਬ 150 ਮੌਤਾਂ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਸਾਲਾਨਾ 200 ਕਰੋੜ ਰੁਪਏ ਦੇ ਉਜਾੜੇ ਨੂੰ ਬਚਾਉਣ ਦੀ ਜ਼ਿੰਮੇਵਾਰੀ ਦੇ ਅਹਿਸ-ਾਸ ਨੇ ਮੈਨੂੰ ਇਸ ਵਿਸ਼ੇ ਦਾ ਵਿਦਿਆਰਥੀ ਬਣਾ ਕੇ ਪਹਿਲੀ ਵਾਰੀ ਕਿਸੇ ਵਿਸ਼ੇ ਉੱਤੇ ਲੇਖ ਲਿਖਣ ਲਈ ਮਜਬੂਰ ਕਰ ਦਿੱਤਾ ਹੈ।

ਕੁਝ ਸਮਾਂ ਪਹਿਲਾਂ ਜਦੋਂ ਮੈਂ ਆਪਣੇ ਸ਼ਹਿਰ ਸੁਨਾਮ ਵਿੱਚ ਆਵਾਰਾ ਅਮਰੀਕੀ ਢੱਠਿਆਂ ਦੀ ਹਿੰਸਕ ਭੇੜ ਵਿੱਚ ਆਏ ਆਤਿਸ਼ ਗਰਗ ਅਤੇ ਗੁਰਪ੍ਰੀਤ ਗੋਲਡੀ ਨਾਂਅ ਦੇ ਨੌਜਵਾਨਾਂ ਦੇ ਭੋਗਾਂ ਉਤੇ ਸ਼ਰਧਾਂਜਲੀ ਦੇ ਕੇ ਨਿਕਲਿਆ ਤਾਂ ਉਥੋਂ ਮੈਂ ਇਹ ਸਵਾਲ ਆਪਣੇ ਤੇ ਸਰਕਾਰਾਂ ਲਈ ਲੈ ਕੇ ਆਇਆ ਕਿ ਕੀ ਸਿਆਸਤਦਾਨਾਂ ਦਾ ਫਰਜ਼ ਸਿਰਫ ਸ਼ਰਧਾਂਜਲੀ ਦੇਣ ਨਾਲ ਪੂਰਾ ਹੋ ਜਾਂਦਾ ਹੈ? ਅੱਗੇ ਤੋਂ ਕਿਸੇ ਘਰ ਦਾ ਚਿਰਾਗ ਨਾ ਬੁਝੇ, ਇਸ ਲਈ ਅਸੀਂ ਲੋਕ ਸਿਰਫ ਇਸ ਕਰ ਕੇ ਕੁਝ ਨਾ ਕਰੀਏ ਕਿ ਕਿਤੇ ਸਾਡੀਆਂ ਵੋਟਾਂ ਦਾ ਨੁਕਸਾਨ ਨਾ ਹੋ ਜਾਵੇ, ਇਸ ਲਈ ਮਸਲਾ ਹੱਲ ਕਰਨ ਦੀ ਥਾਂ ਚੁੱਪ ਵੱਟੀ ਰੱਖੋ। ਇਹ ਦਲੀਲ ਮੇਰੀ ਸਮਝ ਤੋਂ ਬਾਹਰ ਸੀ, ਕਿਉਂਕਿ ਮੈਂ ਇਹ ਮੰਨ ਕੇ ਚਲਦਾ ਹਾਂ ਕਿ ਰਾਜਨੀਤੀ ਦਾ ਧਰਮ ਹੋਣਾ ਚਾਹੀਦਾ ਹੈ, ਨਾ ਕਿ ਧਰਮ ਦੀ ਰਾਜਨੀਤੀ, ਪਰ ਬਦਕਿਸਮਤੀ ਨਾਲ ਸਾਡੇ ਦੇਸ਼ ਵਿੱਚ ਹੋ ਉਲਟ ਰਿਹਾ ਹੈ। ਮੈਨੂੰ ਤਸੱਲੀ ਇਸ ਗੱਲ ਦੀ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਸਿਆਸੀ, ਸਮਾਜਕ ਅਤੇ ਧਾਰਮਿਕ ਪੱਖੋਂ ਸੰਵੇਦਨਸ਼ੀਲ ਸਮਝੇ ਜਾਂਦੇ ਇਸ ਮੁੱਦੇ ਉੱਤੇ ਘੱਟੋ ਘੱਟ ਚਰਚਾ ਤਾਂ ਸ਼ੁਰੂ ਹੋਈ ਕਿ ਕਿਉਂ ਦੇਸੀ ਗਊ ਤੇ ਬਲਦ ਅਤੇ ਅਮਰੀਕੀ ਗਊ ਤੇ ਢੱਠੇ ਦੀਆਂ ਨਸਲਾਂ ਨੂੰ ਵੱਖ-ਵੱਖ ਕਰ ਕੇ ਦੇਖਣ ਦੀ ਲੋੜ ਹੈ। ਅੱਖਾਂ ਉਪਰ ਅੰਧ-ਵਿਸ਼ਵਾਸ ਜਾਂ ਅਗਿਆਨਤਾ ਦੀ ਬੰਨ੍ਹੀ ਪੱਟੀ ਦੀ ਵਜ੍ਹਾ ਕਰ ਕੇ ਇਹ ਸਮੱਸਿਆ ਅੱਜ ਏਨੀ ਭਿਆਨਕ ਬਣ ਚੁੱਕੀ ਹੈ ਕਿ ਇੱਕ ਰਿਪੋਰਟ ਮੁਤਾਬਕ ਅਗਲੇ ਅੱਠ ਸਾਲਾਂ ਵਿੱਚ ਦੇਸ਼ ਦੀਆਂ ਸੜਕਾਂ 'ਤੇ 27 ਕਰੋੜ ਅਵਾਰਾ ਪਸ਼ੂ ਹੋ ਜਾਣਗੇ, ਜਿਨ੍ਹਾਂ ਨੂੰ ਸਾਂਭਣ ਲਈ ਸਾਲਾਨਾ ਪੰਜ ਲੱਖ ਚਾਲੀ ਹਜ਼ਾਰ ਕਰੋੜ ਰੁਪਏ ਚਾਹੀਦੇ ਹੋਣਗੇ। ਅੱਜ ਦੇਸ਼ ਦਾ ਸਾਲਾਨਾ ਰੱਖਿਆ ਬਜਟ ਤਿੰਨ ਲੱਖ ਕਰੋੜ ਹੈ। ਇਹ ਹੁਕਮਰਾਨਾਂ ਨੂੰ ਸੋਚਣਾ ਪਵੇਗਾ ਕਿ ਦੇਸ਼ ਕਿਹੜੇ ਪਾਸੇ ਵੱਲ ਲੈ ਕੇ ਜਾਣਾ ਹੈ।

ਦੇਸੀ ਅਤੇ ਅਮਰੀਕੀ ਨਸਲ ਦੇ ਫਰਕ ਮੁਤਾਬਕ ਦੇਸੀ ਨੂੰ 'ਬਾਸ ਇੰਡੀਕਸ' ਅਤੇ ਅਮਰੀਕੀ ਨੂੰ 'ਬਾਸ ਟੌਰਸ' ਕਿਹਾ ਜਾਂਦਾ ਹੈ। ਦੇਸੀ ਭਾਰਤੀ ਨਸਲ ਵਿੱਚ ਸਾਹੀਵਾਲ, ਗਿਰ, ਲਾਲ ਸਿੰਗੀ, ਥਰਪਾਰਕਰ, ਰਾਠੀ ਆਦਿ ਕੁੱਲ 37 ਨਸਲਾਂ ਹਨ, ਅਮਰੀਕੀ ਜਾਂ ਐਕਸੋਟਿਕ ਨਸਲ ਵਿੱਚ ਹੋਲਸਤੀਏਨ ਫਰੀਏਜ਼ਨ (ਐੱਫ ਐੱਚ), ਜਰਸੀ, ਬਰਾਊਨ ਸਵਿਸ, ਗੁਰਨਸੇ, ਰੈਡ ਡੈਨ ਆਦਿ ਹਨ। ਸ਼ੁੱਧ ਦੇਸੀ ਗਊ ਦੇ ਦੁੱਧ ਵਿੱਚ ਵਿਟਾਮਿਨ ਏ2 ਹੁੰਦਾ ਹੈ, ਜਿਹੜਾ ਪਰੋਲਿਨ ਨਾਂਅ ਵਾਲਾ ਅਮੀਨੋ ਐਸਿਡ ਪੈਦਾ ਕਰਨ ਕਰ ਕੇ ਸਿਹਤ ਲਈ ਲਾਹੇਵੰਦ ਹੁੰਦਾ ਹੈ। ਅਮਰੀਕੀ ਗਊ ਦੇ ਦੁੱਧ ਵਿੱਚ ਵਿਟਾਮਿਨ ਏ1 ਹੁੰਦਾ ਹੈ, ਜਿਹੜਾ 'ਪਰੋਲਿਨ' ਦੀ ਬਜਾਏ 'ਹਿਸਟੇਡੀਨ' ਅਮੀਨੋ ਐਸਿਡ ਪੈਦਾ ਕਰਦਾ ਅਤੇ ਬੀ ਸੀ ਐੱਮ-7 ਪੈਦਾ ਕਰਦਾ ਹੈ, ਜਿਹੜਾ ਮਨੁੱਖ ਸਿਹਤ ਲਈ ਓਨਾ ਲਾਹੇਵੰਦ ਨਹੀਂ ਮੰਨਿਆ ਜਾਂਦਾ। ਦੇਸੀ ਨਸਲ ਇਥੋਂ ਦੀ ਤੇ ਤਾਸੀਰ ਦੀ ਸ਼ਾਂਤ ਹੋਣ ਕਰ ਕੇ ਹਰ ਤਰ੍ਹਾਂ ਦੇ ਮੌਸਮ, ਖਾਸ ਤੌਰ ਉੱਤੇ ਮਈ-ਜੂਨ ਦੀ ਗਰਮੀ ਨੂੰ ਆਰਾਮ ਨਾਲ ਸਹਾਰ ਲੈਂਦੀ ਹੈ। ਵਿਦੇਸ਼ੀ ਨਸਲਾਂ ਹਾਲੈਂਡ ਵਰਗੇ ਠੰਢੇ ਯੂਰਪੀ ਦੇਸ਼ਾਂ ਤੋਂ ਹੋਣ ਕਾਰਨ ਇਥੋਂ ਦੀ ਗਰਮੀ ਨਹੀਂ ਸਹਾਰ ਸਕਦੀਆਂ ਅਤੇ ਤਾਸੀਰ ਗਰਮ ਹੋਣ ਕਾਰਨ ਅਕਸਰ ਹਿੰਸਕ ਝੜਪਾਂ ਕਰਦੀਆਂ ਦੇਖੀਆਂ ਜਾਂਦੀਆਂ ਹਨ। ਇਨ੍ਹਾਂ ਦੇ ਜੈਨੇਟਿਕ ਤੇ ਬਾਇਓਲੋਜੀਕਲ ਵਖਰੇਵੇਂ ਨੂੰ ਸਾਬਿਤ ਕਰਨ ਲਈ ਟੈਸਟ ਕਰਵਾ ਕੇ ਤਸੱਲੀ ਕੀਤੀ ਜਾ ਸਕਦੀ ਹੈ।



ਦੇਸੀ ਟੋਟਕਿਆਂ ਵਿੱਚ ਸਾਡੇ ਪਿੰਡਾਂ ਵਿੱਚ ਕਿਹਾ ਜਾਂਦਾ ਹੈ ਕਿ ਦੇਸੀ ਗਊ ਦਾ ਵੱਛਾ ਆਪਣੀ ਮਾਂ ਨੂੰ ਪਛਾਣ ਲੈਂਦਾ ਹੈ, ਪਰ ਅਮਰੀਕੀ ਨਹੀਂ। ਗਊ ਦੇ ਦੁੱਧ ਨਾਲ ਬੱਚੇ ਅਤੇ ਪਰਵਾਰ ਪਲਦਾ ਸੀ ਤੇ ਬਲਦ ਖੇਤਾਂ ਵਿੱਚ ਪੁੱਤਾਂ ਅਤੇ ਟਰੈਕਟਰ ਦਾ ਕੰਮ ਕਰਦਾ ਸੀ, ਪਰ ਸਮੇਂ ਨਾਲ ਹੋਏ ਆਧੁਨਿਕੀਕਰਨ ਨੇ ਖੇਤਾਂ ਵਿੱਚੋਂ ਬਲਦ ਦੀ ਲੋੜ ਖਤਮ ਕਰ ਦਿੱਤੀ ਤੇ ਸਫੈਦ ਕਰਾਂਤੀ ਵੇਲੇ ਦੁੱਧ ਦੀ ਥੋੜ੍ਹ ਪੂਰੀ ਕਰਨ ਅਤੇ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਮਕਸਦ ਨਾਲ ਦੇਸ਼ ਵਿੱਚ ਲਿਆਂਦੀਆਂ ਵਿਦੇਸ਼ੀ ਨਸਲ ਦੀਆਂ ਗਊਆਂ ਅਤੇ ਢੱਠਿਆਂ ਨੂੰ ਕੁਝ ਸਿਆਸੀ ਜਾਂ ਅਖੌਤੀ ਧਰਮ ਦੇ ਠੇਕੇਦਾਰਾਂ ਵੱਲੋਂ ਹਿੰਦੂ ਧਰਮ ਦੀਆਂ ਭਾਵਨਾਵਾਂ ਨਾਲ ਜ਼ਬਰਦਸਤੀ ਜੋੜ ਦਿੱਤਾ ਗਿਆ। ਇਹ ਗੱਲ ਮੇਰੀ ਸਮਝ ਤੋਂ ਬਾਹਰ ਹੈ।

ਇਹ ਕੁਝ ਉਹ ਤੱਥ ਹਨ, ਜੋ ਮੈਂ ਆਪਣੇ ਪੱਧਰ 'ਤੇ ਆਵਾਰਾ ਪਸ਼ੂਆਂ ਦੀ ਦਿਨੋ-ਦਿਨ ਵਧਦੀ ਜਾਂਦੀ ਸਮੱਸਿਆ ਦਾ ਹੱਲ ਦੱਸਣ ਦੇ ਉਦੇਸ਼ ਨਾਲ ਜਾਣੇ ਤੇ ਸਿੱਖੇ ਹਨ, ਜਿਨ੍ਹਾਂ 'ਤੇ ਕੁਝ ਕੁ ਲੋਕਾਂ ਦੀਆਂ ਅੱਖਾਂ ਉਤੇ ਧਰਮ, ਅੰਧ-ਵਿਸ਼ਵਾਸ ਜਾਂ ਅਗਿਆਨਤਾ ਦੀ ਪੱਟੀ ਲਾਹੁਣ ਲਈ ਸਮਾਜ ਵਿੱਚ ਹੋਰ ਚਰਚਾ ਦੀ ਲੋੜ ਹੈ, ਪਰ ਕਿਸੇ ਨੂੰ ਆਪਣੇ ਅੰਧ-ਵਿਸ਼ਵਾਸ ਕਰ ਕੇ ਇਸ ਸਮੱਸਿਆ ਦੇ ਹੱਲ ਵਿੱਚ ਅੜਿੱਕਾ ਬਣਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਇਸ ਲਈ ਸਮੇਂ ਦੀ ਮੰਗ ਹੈ ਕਿ ਹਿੰਦੂ ਵਰਗ ਦੀਆਂ ਧਾਰਮਿਕ ਭਾਵਨਾਵਾਂ ਮੁਤਾਬਕ ਦੇਸੀ ਗਊ ਨੂੰ ਸੰਭਾਲਿਆ ਜਾਵੇ ਤੇ ਅਮਰੀਕੀ ਨਸਲਾਂ, ਜਿਨ੍ਹਾਂ ਨਾਲ ਸਾਡਾ ਕੋਈ ਧਾਰਮਿਕ, ਭਾਵਨਾਤਮਕ ਜਾਂ ਸਮਾਜਕ ਸੰਬੰਧ ਨਹੀਂ ਹੈ, ਨੂੰ ਬੁੱਚੜਖਾਨੇ ਭੇਜਿਆ ਜਾਵੇ ਤਾਂ ਕਿ ਉਹ ਵੀ ਸੜਕ ਹਾਦਸਿਆਂ ਜਾਂ ਕੂੜੇ ਦੇ ਢੇਰਾਂ ਤੋਂ ਪਲਾਸਟਿਕ ਖਾ ਕੇ ਰੋਜ਼-ਰੋਜ਼ ਮਰਨ ਤੋਂ ਬਚ ਸਕਣ।

ਵਰਣਨ ਯੋਗ ਹੈ ਕਿ ਗਊ ਨੂੰ ਮਾਰਨ ਦੀ ਅਖੌਤੀ ਪਾਬੰਦੀ ਦੇ ਬਾਵਜੂਦ ਗਊ ਮਾਸ ਐਕਸਪੋਰਟ ਵਿੱਚ ਬਰਾਜ਼ੀਲ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਭਾਰਤ ਹੈ। ਮੈਂ ਨਿੱਜੀ ਤੌਰ 'ਤੇ ਜੀਵ ਹੱਤਿਆ ਦਾ ਹਾਮੀ ਨਹੀਂ ਹਾਂ, ਪਰ ਪਿਛਲੇ ਦਿਨੀਂ ਆਵਾਰਾ ਪਸ਼ੂ ਦੀ ਟੱਕਰ ਨਾਲ ਮਾਰੇ ਗਏ ਪਿੰਡ ਜਵਾਹਰਕੇ ਜ਼ਿਲ੍ਹਾ ਮਾਨਸਾ ਦੇ 23 ਸਾਲਾ ਦਲਿਤ ਨੌਜਵਾਨ ਸਨੀ ਸਿੰਘ ਦੀ ਵਿਧਵਾ ਅਤੇ ਦੋ ਛੋਟੇ ਛੋਟੇ ਬੱਚਿਆਂ ਦੀਆਂ ਸਵਾਲ ਕਰਦੀਆਂ ਅੱਖਾਂ ਦੇ ਜਵਾਬ ਲੱਭਿਆ ਨਹੀਂ ਲੱਭਦੇ।

ਅੱਜ ਇਸ ਸਮੱਸਿਆ ਦੇ ਉਪਰ ਵਰਣਿਤ ਪੁਖਤਾ ਹੱਲ ਕਰਨ ਤੋਂ ਜਿੱਥੇ ਸਿਆਸੀ ਧਿਰਾਂ ਪੈਰ ਖਿੱਚਦੀਆਂ ਹਨ, ਉਥੇ ਇਸ ਸਮੱਸਿਆ ਦੇ ਉਭਾਰ ਵਿੱਚ ਰਸੂਖਦਾਰ ਲੋਕ ਜ਼ਿੰਮੇਵਾਰ ਹਨ, ਕਿਉਂਕਿ 1968 ਵਿੱਚ ਪੂਰੇ ਦੇਸ਼ ਵਿੱਚ ਤਿੰਨ ਕਰੋੜ 32 ਲੱਖ 50 ਹਜ਼ਾਰ ਏਕੜ ਰਕਬਾ ਗਊਆਂ ਦੇ ਚਰਨ ਲਈ ਰਾਖਵਾਂ ਹੁੰਦਾ ਸੀ, ਜਿਸ ਨੂੰ ਭਾਰਤ ਸਰਕਾਰ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਨਾ ਵੇਚਿਆ ਜਾ ਸਕਦਾ ਸੀ, ਨਾ ਕਿਸੇ ਹੋਰ ਮਕਸਦ ਵਾਸਤੇ ਵਰਤਿਆ ਜਾ ਸਕਦਾ ਸੀ। ਸਿਆਸੀ ਅਤੇ ਸਰਕਾਰੀ ਮਿਲੀਭੁਗਤ ਕਾਰਨ ਇਹ ਜ਼ਮੀਨ ਖੁਰਦ ਬੁਰਦ ਹੋਣ ਦੇ ਕਾਗਜ਼ਾਤ ਵੀ ਸਾਹਮਣੇ ਆ ਗਏ, ਜਿਸ ਦੇ ਸਿੱਟੇ ਵਜੋਂ ਅੱਜ ਜਿੱਥੇ ਪ੍ਰਤੀ ਪਸ਼ੂ ਦੇ ਚਰਨ ਲਈ ਅਮਰੀਕਾ ਵਿੱਚ 12 ਏਕੜ, ਜਰਮਨੀ 'ਚ ਅੱਠ ਏਕੜ, ਜਾਪਾਨ ਵਿੱਚ ਛੇ-ਸੱਤ ਏਕੜ ਰਾਖਵੇਂ ਹਨ, ਉਥੇ ਭਾਰਤ ਵਿੱਚ ਇੱਕ ਏਕੜ ਵਿੱਚ 11 ਪਸ਼ੂ ਚਰਦੇ ਹਨ।

ਕੇਂਦਰ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸੰਬੰਧਤ ਕਾਨੂੰਨ ਵਿੱਚ ਸੋਧ ਕਰ ਕੇ ਅਮਰੀਕੀ ਵਿਦੇਸ਼ੀ ਨਸਲ ਨੂੰ ਸਾਡੇ ਦੇਸੀ ਗਊ ਧਨ ਵਿੱਚੋਂ ਕੱਢ ਕੇ ਉਨ੍ਹਾਂ ਨੂੰ ਦੂਸਰੇ ਜਾਨਵਰਾਂ ਵਾਂਗ ਟਰਾਂਸਪੋਰਟ ਕਰਨ, ਵੇਚਣ-ਵੱਟਣ ਅਤੇ ਵੱਢਣ ਦੀ ਖੁੱਲ੍ਹ ਦੇਣ ਅਤੇ ਦੇਸੀ ਨਸਲ ਦੀਆਂ ਗਊਆਂ ਅਤੇ ਬਲਦਾਂ ਨੂੰ ਸਾਂਭਣ ਲਈ ਸਿਆਸੀ ਸਹੂਲਤਾਂ ਦੇ ਗਲਬੇ ਵਿੱਚੋਂ ਨਾਜਾਇਜ਼ ਕਬਜ਼ੇ ਵਾਲੀਆਂ ਗਊ ਚਰਾਂਦਾਂ ਛੁਡਵਾ ਕੇ ਉਥੇ ਸਾਂਭਣ ਤਾਂ ਜੋ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਨਾ ਲੱਗੇ ਤੇ ਅਮਰੀਕੀ ਨਸਲ, ਜੋ ਅੱਜ ਪੰਜਾਬ ਵਿੱਚ ਸੜਕਾਂ ਉੱਤੇ ਘੁੰਮਦੇ ਤਕਰੀਬਨ ਢਾਈ ਲੱਖ ਆਵਾਰਾ ਪਸ਼ੂਆਂ ਦਾ ਅੱਸੀ ਫੀਸਦੀ ਹੈ, ਤੋਂ ਜਾਨੀ ਅਤੇ ਫਸਲੀ ਨੁਕਸਾਨ ਬਚਾਇਆ ਜਾ ਸਕੇ। ਕਿਉਂਕਿ ਲੋਕਾਂ ਤੋਂ ਨੌਂ ਵਸਤਾਂ ਉਪਰ ਕਰੋੜਾਂ ਰੁਪਏ ਗਊ ਸੈਸ ਲੈ ਕੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ, ਇਸ ਲਈ ਸਰਕਾਰ ਨੂੰ ਇਸ ਦੇ ਪੁਖਤਾ ਹੱਲ ਕਰਨ ਲਈ 'ਦਿ ਪੰਜਾਬ ਪ੍ਰੋਹਿਬਿਸ਼ਨ ਆਫ ਕਾਓ ਸਲਾਟਰ ਐਕਟ 1955' ਵਿੱਚ ਮਾਮੂਲੀ ਸੋਧ ਕਰਨ ਦੀ ਲੋੜ ਹੈ।

## ਬਿਊਟੀ ਟਿਪਸ — ਘਰ ਵਿੱਚ ਹਟਾਓ ਚਿਹਰੇ ਦੇ ਵਾਲ



ਚਿਹਰੇ 'ਤੇ ਵਾਲ ਹੋਣ ਤਾਂ ਖੂਬਸੂਰਤੀ ਵੀ ਫਿੱਕੀ ਲੱਗਦੀ ਹੈ ਅਤੇ ਇਨ੍ਹਾਂ ਨੂੰ ਹਟਾਉਣਾ ਵੀ ਸੌਖਾ ਕੰਮ ਨਹੀਂ ਹੁੰਦਾ, ਵੈਕਸਿੰਗ ਜਾਂ ਥ੍ਰੈਡਿੰਗ ਜਾਂ ਫਿਰ ਲੇਜ਼ਰ। ਇਹ ਸਭ ਸੌਖਾ ਨਹੀਂ ਹੁੰਦਾ ਕਿ ਤੁਸੀਂ ਚਿਹਰੇ ਦੇ ਵਾਲਾਂ ਨੂੰ ਹਟਾਉਣ ਲਈ ਇਨ੍ਹਾਂ ਸਾਰੇ ਮਾਧਿਅਮਾਂ ਨੂੰ ਆਸਾਨੀ ਨਾਲ ਸਹਾਰਾ ਲੈ ਸਕੋ। ਇਸ ਮੌਕੇ ਸਮਝ ਨਹੀਂ ਆਉਂਦਾ ਕਿ ਅਜਿਹਾ ਕੀ ਕੀਤਾ ਜਾਵੇ ਕਿ ਚਿਹਰੇ ਦੇ ਇਹ ਅਣਚਾਹੇ ਵਾਲ ਵੀ ਹਟ ਜਾਣ ਅਤੇ ਤੁਹਾਡੀ ਖੂਬਸੂਰਤੀ ਵੀ ਬਰਕਰਾਰ ਰਹੇ। ਅਸਲ ਵਿੱਚ ਦੇਖਿਆ ਜਾਏ ਤਾਂ ਦਾਦੀ ਅਤੇ ਨਾਨੀ ਦੇ ਨੁਸਖਿਆਂ 'ਚ ਹਰ ਸਮੱਸਿਆ ਦਾ ਹੱਲ ਆਸਾਨੀ ਮਿਲ ਜਾਂਦਾ ਹੈ ਅਤੇ ਤੁਸੀਂ ਚਾਹੋ ਤਾਂ ਉਨ੍ਹਾਂ ਨੂੰ ਅਪਣਾ ਕੇ ਆਸਾਨੀ ਨਾਲ ਆਪਣੇ ਚਿਹਰੇ ਦੇ ਅਣਚਾਹੇ ਵਾਲਾਂ ਤੋਂ ਘਰ ਬੈਠੇ ਹੀ ਆਸਾਨੀ ਨਾਲ ਛੁਟਕਾਰਾ ਹਾਸਲ ਕਰ ਸਕਦੇ ਹੋ। ਮਜ਼ੇ ਵਾਲੀ ਗੱਲ ਤਾਂ ਇਹ ਹੈ ਕਿ ਸਾਰਾ ਸਾਮਾਨ ਸਾਨੂੰ ਘਰ 'ਚ ਆਸਾਨੀ ਨਾਲ ਮਿਲ ਮਿਲ ਜਾਂਦਾ ਹੈ।

### ਹਲਦੀ ਅਤੇ ਪਾਣੀ

ਹਲਦੀ ਸਿਰਫ ਰੰਗਤ ਨਹੀਂ ਨਿਖਾਰਦੀ ਸਗੋਂ ਇਹ ਫੇਸ ਹੇਅਰ ਰਿਮੂਵਲ ਦਾ ਵੀ ਚੰਗਾ ਤਰੀਕਾ ਹੈ। ਇੱਕ ਚਮਚ ਹਲਦੀ ਲਓ ਤੇ ਇਸ ਵਿੱਚ ਇੰਨਾ ਪਾਣੀ ਮਿਲਾਓ ਕਿ ਗਾੜ੍ਹਾ ਪੇਸਟ ਬਣ ਜਾਏ, ਫਿਰ ਇਹ ਲੇਪ ਬੁੱਲ੍ਹਾਂ ਦੇ ਉਪਰਲੇ ਹਿੱਸੇ 'ਚ ਹੌਲੀ ਹੌਲੀ ਲਗਾਓ। ਅੱਧੇ ਘੰਟੇ ਤੱਕ ਇਹ ਪੇਸਟ ਚਿਹਰੇ 'ਤੇ ਲੱਗਾ ਰਹਿਣ ਦਿਓ ਅਤੇ ਫਿਰ ਹੌਲੀ ਹੌਲੀ ਰਗੜ ਕੇ ਇਸ ਨੂੰ ਸਾਫ ਕਰ ਦਿਓ।

### ਨਿੰਬੂ ਅਤੇ ਖੰਡ

ਦੋ ਨਿੰਬੂ ਨਿਚੋੜ ਕੇ ਇਸ ਵਿੱਚ ਥੋੜ੍ਹਾ ਜਿਹਾ ਪਾਣੀ ਤੇ ਖੰਡ ਮਿਲਾ ਕੇ ਪਤਲਾ ਜਿਹਾ ਪੇਸਟ ਬਣਾ ਲਓ। ਇਸ ਪੇਸਟ ਨੂੰ ਚਿਹਰੇ 'ਤੇ ਜਿੱਥੇ ਵੀ ਵਾਲ ਹੋਣ, ਉਥੇ ਲਗਾ ਲਓ ਅਤੇ 15 ਮਿੰਟ ਤੱਕ ਲਗਾ ਕੇ ਇਸ ਨੂੰ ਪਾਣੀ ਨਾਲ ਧੋ ਲਓ, ਚਿਹਰੇ ਦੇ ਵਾਲ ਖਤਮ ਹੋਣੇ ਸ਼ੁਰੂ ਹੋ ਜਾਣਗੇ।

### ਦਹੀਂ ਤੇ ਵੇਸਣ

ਥੋੜ੍ਹੇ ਜਿਹੇ ਦਹੀਂ ਵਿੱਚ ਇੱਕ ਚਮਚ ਵੇਸਣ ਅਤੇ ਇੱਕ ਚੁਟਕੀ ਹਲਦੀ ਮਿਲਾ ਕੇ ਲੇਪ ਬਣਾ ਲਓ ਅਤੇ ਇਸ ਨੂੰ ਚਿਹਰੇ 'ਤੇ ਲਗਾਓ, ਪੇਸਟ ਨੂੰ ਸੁੱਕਣ ਤੱਕ ਵਾਲਾਂ ਵਾਲੇ ਹਿੱਸੇ 'ਤੇ ਲਗਾਈ ਰੱਖੋ ਅਤੇ ਸੁੱਕਣ ਤੋਂ ਬਾਅਦ ਇਸ ਨੂੰ ਹਲਕੇ ਹੱਥਾਂ ਨਾਲ ਰਗੜ ਕੇ ਚਿਹਰੇ ਦੇ ਵਾਲ ਸਾਫ ਕਰੋ ਅਤੇ ਫਿਰ ਚਿਹਰਾ ਧੋ ਲਓ।

### ਕਣਕ ਦਾ ਛਾਣਬੂਰਾ

ਛਾਣੇਬੂਰੇ ਦਾ ਪੇਸਟ ਵੀ ਵਾਲ ਹਟਾਉਣ ਵਿੱਚ ਫਾਇਦੇਮੰਦ ਹੁੰਦਾ ਹੈ, ਇਸ ਨੂੰ ਬਣਾਉਣ ਲਈ ਤਿੰਨ ਚਮਚ ਕਣਕ ਦੇ ਛਾਣਬੂਰੇ ਵਿੱਚ ਇੱਕ ਚਮਚ ਗੁਲਾਬ ਜਲ ਅਤੇ ਇੱਕ ਵੱਡਾ ਚਮਚ ਦੁੱਧ ਮਿਲਾਓ ਅਤੇ ਫਿਰ ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਸਕ੍ਰਬ ਕਰੋ, ਇਸ ਨੂੰ ਕੁਝ ਮਿੰਟ ਸੁੱਕਣ ਦਿਓ ਅਤੇ ਫਿਰ ਚਿਹਰੇ ਨੂੰ ਧੋ ਲਓ।

### ਕੱਚਾ ਪਪੀਤਾ

ਪਪੀਤੇ ਦੇ ਪੈਕ ਨੂੰ ਬਣਾਉਣ ਲਈ ਦੋ ਚਮਚ ਪਪੀਤੇ ਦਾ ਪੇਸਟ ਅਤੇ ਅੱਧਾ ਚਮਚ ਹਲਦੀ ਪਾਊਡਰ ਲੈ ਕੇ ਪੇਸਟ ਬਣਾ ਲਓ। ਲਗਭਗ 15 ਮਿੰਟ ਇਸ ਪੇਸਟ ਨਾਲ ਅੱਪਰ ਲਿਪ 'ਤੇ ਮਸਾਜ ਕਰ ਕੇ ਪਾਣੀ ਨਾਲ ਧੋਵੋ, ਇਸ ਨਾਲ ਫੇਸ ਹੇਅਰ ਹਟ ਜਾਂਦੇ ਹਨ।

## ਹਲਕਾ ਫੁਲਕਾ



ਨੂੰਹ ਰੋਈ ਜਾ ਰਹੀ ਸੀ। ਸੱਸ ਨੇ ਪੁਚਕਾਰਦੇ ਹੋਏ ਪੁੱਛਿਆ, "ਕਿਉਂ ਧੀਏ, ਰੋ ਕਿਉਂ ਰਹੀ ਏਂ?"

ਨੂੰਹ, "ਕੀ ਮੈਂ ਚੁੜੇਲ ਵਰਗੀ ਲੱਗਦੀ ਹਾਂ?"

ਸੱਸ, "ਨਹੀਂ, ਬਿਲਕੁਲ ਨਹੀਂ।"

ਨੂੰਹ, "ਕੀ ਮੇਰੀਆਂ ਅੱਖਾਂ ਡੱਡੂ ਵਰਗੀਆਂ ਹਨ?"

ਸੱਸ, "ਨਹੀਂ।"

ਨੂੰਹ, "ਕੀ ਮੇਰਾ ਨੱਕ ਪਕੌੜੇ ਵਰਗਾ ਹੈ?"

ਸੱਸ, "ਨਹੀਂ।"

ਨੂੰਹ, "ਕੀ ਮੈਂ ਮੱਝ ਵਰਗੀ ਮੋਟੀ ਤੇ ਕਾਲੀ ਹਾਂ?"

ਸੱਸ, "ਨਹੀਂ ਧੀਏ, ਇਹ ਸਭ ਕਿਸ ਨੇ ਕਿਹਾ ਤੈਨੂੰ?"

ਨੂੰਹ "ਫਿਰ ਮੁਹੱਲੇ ਦੇ ਸਾਰੇ ਲੋਕ ਕਿਉਂ ਕਹਿੰਦੇ ਫਿਰਦੇ ਹਨ ਕਿ ਤੂੰ ਤਾਂ ਆਪਣੀ ਸੱਸ ਵਰਗੀ ਲੱਗਦੀ ਏਂ?"

*********

ਮੰਮੀ (ਬੇਟੇ ਨੂੰ ਝਿੜਕਦੀ ਹੋਈ), "ਪੀਪੇ ਨੂੰ ਇੰਝ ਠੁੱਢ ਮਾਰ-ਮਾਰ ਕੇ ਕਿਉਂ ਰੌਲਾ ਪਾ ਰਿਹਾ ਏਂ?"

ਬੇਟਾ, "ਮੰਮੀ, ਮੈਂ ਤਾਂ ਮੁੰਨੇ ਨੂੰ ਚੁੱਪ ਕਰਵਾ ਰਿਹਾ ਹਾਂ।"

ਮੰਮੀ, "...ਪਰ ਮੁੰਨਾ ਹੈ ਕਿੱਥੇ?"

ਬੇਟਾ, "ਉਹ ਇਸ ਪੀਪੇ ਦੇ ਅੰਦਰ ਹੈ।"

*********

ਵਿਆਹ ਤੋਂ ਬਾਅਦ ਪਹਿਲੇ ਪੰਜ ਸਾਲ ਪਤਨੀ ਆਪਣੇ ਪਤਨੀ ਨੂੰ ਕਿਵੇਂ ਬੁਲਾਉਂਦੀ ਹੈ, ਇਸ ਦੀ ਮਿਸਾਲ ਹੈ :

ਪਹਿਲਾ ਸਾਲ- "ਜਾਨੂੰ।"

ਦੂਜਾ ਸਾਲ- "ਓ ਜੀ।"

ਤੀਜਾ ਸਾਲ- "ਸੁਣਦੇ ਹੋ?"

ਚੌਥਾ ਸਾਲ, "ਓ ਮੁੰਨੇ ਦੇ ਪਾਪਾ।"

ਪੰਜਵਾਂ ਸਾਲ, "ਕਿੱਥੇ ਮਰ ਗਏ।"

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
"INDEPENDENTLY OWNED AND OPERATED

63 Talbot Street | BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street | BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com

ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ



- 1st class air-condition Transportation
- 4 Star Hotels
- Breakfast, lunch & Dinner

e-mail:surprisefares@rogers.com

Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg

| Hotel Package | 7 Days............ CAD865 |
|---|---|
| | 9 Days............ CAD 965 |

- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ

ਸੰਪਰਕ ਕਰੋ:416 926 8250

Security & First Aid will be provided!

208-1555 Kingston rd, Pickering L1V 0E9 | 103-100 Dynamic Drive Toronto M1V 5C4

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਇਮਰਾਨ ਖਾਨ ਭਾਰਤੀ ਲੋਕਾਂ ਦੇ ਗੁੱਸੇ ਦਾ ਪਾਤਰ ਹੋਣਾ ਚਾਹੀਦੈ ਕਿ ਤਰਸ ਦਾ...



ਜਤਿੰਦਰ ਪੰਨੂ

ਭਾਰਤ ਵਰਗੇ ਵੱਡੇ ਦੇਸ਼ ਨੰ ਦੋ ਥਾਈਂ ਵੰਡ ਕੇ ਅੰਗਰੇਜ਼ਾਂ ਨੇ ਇੱਕ ਵੱਖਰਾ ਦੇਸ਼ ਪਾਕਿਸਤਾਨ ਸਿਰਜਿਆ ਸੀ। ਉਸ ਨੂੰ ਵੀ ਇੱਕੋ ਥਾਂ ਨਹੀਂ ਸੀ ਰੱਖਿਆ ਅਤੇ ਦੋ ਥਾਈਂ ਵੰਡ ਕੇ ਪੂਰਬੀ ਅਤੇ ਪੱਛਮੀ ਪਾਕਿਸਤਾਨ ਬਣਾ ਕੇ ਦੋਵਾਂ ਦੀ ਸਰਕਾਰ ਇੱਕੋ ਥਾਂ ਕਰਾਚੀ ਤੋਂ ਚਲਾਉਣ ਲਈ ਕਿਹਾ ਸੀ। ਏਧਰ ਪੰਜਾਬ ਵੰਡ ਕੇ ਦੋ ਥਾਈਂ ਕੀਤਾ ਗਿਆ ਅਤੇ ਦੂਸਰੇ ਪਾਸੇ ਬੰਗਾਲ ਦੋ ਥਾਈਂ ਵੰਡ ਕੇ ਇਸ ਵਿੱਚੋਂ ਪੂਰਬੀ ਪਾਕਿ-ਸਤਾਨ ਬਣਾਇਆ ਗਿਆ, ਜਿਹੜਾ ਫਿਰ ਪਾਕਿਸਤਾਨ ਨਾਲੋਂ ਟੁੱਟ ਕੇ ਵੱਖਰਾ ਬੰਗਲਾ ਦੇਸ਼ ਬਣਨ ਦੀ ਘਟਨਾ ਵਾਪਰੀ ਸੀ। ਇਸ ਦਾ ਕਾਰਨ ਇਹ ਸੀ ਕਿ ਪੂਰਬੀ ਪਾਕਿਸਤਾਨ ਦੀ ਜਨਤਾ ਦੇ ਹਰਮਨ ਪਿਆਰੇ ਆਗੂ ਸ਼ੇਖ ਮੁਜੀਬ ਉਰ ਰਹਿਮਾਨ ਨੂੰ ਜਦੋਂ ਪੂਰਬੀ ਅਤੇ ਪੱਛਮੀ ਸਾਂਝੇ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੀਆਂ ਚੋਣਾਂ ਦੌਰਾਨ ਤਿੰਨ ਸੌ ਕੁੱਲ ਸੀਟਾਂ ਵਿੱਚੋਂ ਇੱਕ ਸੌ ਸੱਠ ਦੀ ਬਹੁ-ਸੰਮਤੀ ਮਿਲ ਗਈ ਤਾਂ ਉਸ ਨੂੰ ਸਹੁੰ ਚੁੱਕਣ ਤੋਂ ਰੋਕ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ, ਜਿਸ ਤੋਂ ਹਾਲਾਤ ਵਿਗੜੇ ਅਤੇ ਬੰਗਲਾ ਦੇਸ਼ ਵੱਖਰਾ ਹੋਣ ਦੀ ਨੌਬਤ ਆਈ ਸੀ।

ਜਦੋਂ ਹਾਲੇ ਇੱਕ ਦੇਸ਼ ਤੋੜ ਕੇ ਦੋ ਬਣਾਏ ਗਏ ਅਤੇ ਦੋਂਹ ਥਾਈਂ ਵੰਡਿਆ ਪਾਕਿਸਤਾਨ ਬਣਿਆ ਹੀ ਸੀ, ਦੋਵਾਂ ਦੀ ਪਹਿਲੀ ਜੰਗ ਛਿਮਾਹੀ ਦੇ ਅੰਦਰ ਹੀ ਹੋ ਗਈ ਸੀ। ਉਹ ਜੰਗ ਕਸ਼ਮੀਰ ਦੀ ਰਿਆਸਤ ਬਾਰੇ ਸੀ। ਉਸ ਪਿੱਛੋਂ ਭਾਰਤ ਅਤੇ ਪਾਕਿਸਤਾਨ ਦੀਆਂ ਅੱਜ ਤੱਕ ਚਾਰ ਜੰਗਾਂ ਹੋ ਚੁੱਕੀਆਂ ਹਨ, ਚਾਰੇ ਜੰਗਾਂ ਭਾਵੇਂ ਹੇਠਾਂ ਧਰਤੀ ਉੱਤੇ ਲੜੀਆਂ ਗਈਆਂ ਅਤੇ ਭਾਵੇਂ ਆਕਾਸ਼ ਵਿੱਚ, ਪਰ ਆਪਣੇ ਇਲਾਕੇ ਵਿੱਚ ਲੜੀਆਂ ਗਈਆਂ ਸਨ। ਇਸ ਵੇਲੇ ਇੱਕ ਜੰਗ ਦੁਨੀਆ ਦੇ ਦੂਸਰੇ ਸਿਰੇ ਅਮਰੀਕਾ ਵਿੱਚ ਜਾ ਕੇ ਫੌਜਾਂ ਦੀ ਬਜਾਏ ਡਿਪਲੋਮੈਟਿਕ ਪੱਧਰ ਉੱਤੇ ਲੜੀ ਜਾ ਰਹੀ ਹੈ ਅਤੇ ਇਸ ਜੰਗ ਵਿੱਚ ਹਰ ਰੋਜ਼ ਨਵੀਂ ਖਬਰ ਸੁਣਨ ਨੂੰ ਮਿਲਦੀ ਹੈ। ਦੋਵਾਂ ਦੇਸ਼ਾਂ ਦੇ ਮੁਖੀਆਂ ਦਾ ਸਾਰਾ ਜ਼ੋਰ ਇਸ ਜੰਗ ਉੱਤੇ ਲੱਗਾ ਪਿਆ ਹੈ।

ਭਾਰਤ ਦਾ ਪ੍ਰਧਾਨ ਮੰਤਰੀ ਇੱਕ ਧੜੱਲੇਦਾਰ ਬੁਲਾਰਾ ਅਤੇ ਲਾਮਬੰਦੀ ਕਰਨ ਦੀਆਂ ਮੁਹਿੰਮਾਂ ਦਾ ਮਾਹਰ ਸਮਝਿਆ ਜਾਂਦਾ ਹੈ ਤੇ ਉਸ ਦੀ ਇਹੋ ਜਿਹੀ ਮੁਹਾਰਤ ਦੇਸ਼ ਤੋਂ ਨਿਕਲ ਕੇ ਸੰਸਾਰ ਪਿੜ ਵਿੱਚ ਪਹੁੰਚ ਗਈ ਹੈ। ਅਮਰੀਕਾ ਦੇ ਸ਼ਹਿਰ ਹਿਊਸਟਨ ਵਿੱਚ ਉਸ ਲਈ ਕੀਤੇ ਗਏ ਵੱਡੇ ਸ਼ੋਅ ਵਿੱਚ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਆਇਆ ਅਤੇ ਇਸ ਬਹਾਨੇ ਜਿਸ ਅਮਰੀਕੀ ਮੀਡੀਏ ਨੇ ਨਰਿੰਦਰ ਮੋਦੀ ਦੇ ਸ਼ੋਅ ਨੂੰ ਸਿਰਫ ਭਾਰਤੀਆਂ ਦਾ ਇਕੱਠ ਮੰਨਣਾ ਤੇ ਖਾਸ ਥਾਂ ਨਹੀਂ ਸੀ ਦੇਣਾ, ਉਸ ਨੇ ਵੀ ਆਪਣੇ ਰਾਸ਼ਟਰਪਤੀ ਦੇ ਕਾਰਨ ਇਸ ਨੂੰ ਪੂਰੀ ਕਵਰੇਜ ਦਿੱਤੀ। ਪ੍ਰਧਾਨ ਮੰਤਰੀ ਮੋਦੀ ਇਸ ਦੌਰਾਨ ਦਿੱਤੇ ਭਾਸ਼ਣ ਵਿੱਚ ਅਮਰੀਕੀ ਰਾਸ਼ਟਰਪਤੀ ਦੀ ਅਗਲੇ ਸਾਲ ਹੋਣ ਵਾਲੀ ਚੋਣ ਦਾ ਚੱਕਾ ਬੰਨ੍ਹਣ ਦੇ ਲਈ ਭਾਰਤੀ ਚੋਣ ਮੁਹਿੰਮ ਦੇ 'ਅਬ ਕੀ ਬਾਰ, ਮੋਦੀ ਸਰਕਾਰ' ਦੇ ਨਾਅਰੇ ਵਾਂਗ ਅਮਰੀਕਾ ਲਈ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇਣ ਤੱਕ ਵੀ ਪਹੁੰਚ ਗਿਆ। ਇਹ ਗੱਲ ਚੰਗੀ ਨਹੀਂ ਹੋਈ। ਭਾਰਤ ਦੀ ਨੀਤੀ ਕਿਸੇ ਦੇਸ਼ ਵਿੱਚ ਚੋਣ ਦੌਰਾਨ ਦਖਲ ਦੇਣ ਦੀ ਕਦੇ ਨਹੀਂ ਸੀ ਰਹੀ। ਪ੍ਰਧਾਨ ਮੰਤਰੀ ਮੋਦੀ ਦਾ ਇਹ ਕਦਮ ਅਮਰੀਕੀ ਚੋਣਾਂ ਵਿੱਚ ਦਖਲ ਸੀ। ਰਾਸ਼ਟਰਪਤੀ ਦੀ ਪਿਛਲੀ ਚੋਣ ਦੌਰਾਨ ਓਥੇ ਰੂਸ ਵੱਲੋਂ ਦਿੱਤੇ ਕਿਸੇ ਦਖਲ ਦੀ ਚਰਚਾ ਅਜੇ ਤੱਕ ਕਿਸੇ ਸਿਰੇ ਨਹੀਂ ਲੱਗੀ ਤੇ ਨਰਿੰਦਰ ਮੋਦੀ ਦੇ ਇਸ ਭਾਸ਼ਣ ਨਾਲ ਅਗਲੀ ਚੋਣ ਵਿੱਚ ਭਾਰਤ ਦੇ ਦਖਲ ਦਾ ਅਗੇਤਾ ਦੋਸ਼ ਲੱਗਣ ਦਾ ਪਿੜ ਬੰਨ੍ਹ ਦਿੱਤਾ ਗਿਆ ਹੈ। ਅਸੀਂ ਇਹ ਗੱਲ ਨਹੀਂ ਕਹਿਣਾ ਚਾਹੁੰਦੇ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਭਾਸ਼ਣ ਦੇ ਅਸਰ ਹੇਠ ਪਾਕਿਸਤਾਨ ਦੇ ਖਿਲਾਫ ਭਾਰਤ ਦੇ ਡਿਪਲੋਮੈਟਿਕ ਪੈਂਤੜੇ ਦਾ ਸਾਥ ਦਿੱਤਾ ਜਾਂ ਭਾਰਤ ਦੀ ਜਾਇਜ਼ ਸਮਝ ਨਾਲ ਖੜੋਣ ਦਾ ਫਰਜ਼ ਨਿਭਾਇਆ ਹੈ, ਪਰ ਏਨੀ ਗੱਲ ਸਾਫ ਹੈ ਕਿ ਉਹ ਭਾਰਤ ਨਾਲ ਖੜਾ ਹੈ। ਪਾਕਿਸਤਾਨ ਤੋਂ ਆਏ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪੈਰ-ਪੈਰ ਉੱਤੇ ਏਨੀ ਬੇਇੱਜ਼ਤੀ ਹੁੰਦੀ ਦਿਖਾਈ ਦਿੱਤੀ, ਜਿੰਨੀ ਅੱਜ ਤੱਕ ਕਿਸੇ ਹੋਰ ਪ੍ਰਧਾਨ ਮੰਤਰੀ ਦੀ ਨਹੀਂ ਸੀ ਹੋਈ। ਹਵਾਈ ਅੱਡੇ ਉੱਤੇ ਕੋਈ ਲੈਣ ਨਹੀਂ ਗਿਆ ਤਾਂ ਖਾਸ ਫਰਕ ਨਹੀਂ, ਪਰ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਉਸ ਨਾਲ ਲਾਈ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਜਿਹੜਾ ਵਿਹਾਰ ਕੀਤਾ ਗਿਆ ਤੇ ਇਸ ਦੌਰਾਨ ਇੱਕ ਸਵਾਲ ਕਰਨ ਵਾਲੇ ਪੱਤਰਕਾਰ ਬਾਰੇ ਡੋਨਾਲਡ ਟਰੰਪ ਨੇ ਇਮਰਾਨ ਖਾਨ ਨੂੰ ਜਿਵੇਂ ਕਿਹਾ ਕਿ ਏਦਾਂ ਦੇ ਪੱਤਰਕਾਰ ਕਿੱਥੋਂ ਲੈ ਆਉਂਦੇ ਹੋ, ਉਹ ਸਾਰਿਆਂ ਲਈ ਹੈਰਾਨ ਕਰਨ ਵਾਲੀ ਘਟਨਾ ਸੀ।

ਫਿਰ ਅਗਲਾ ਮੌਕਾ ਯੂ ਐੱਨ ਸੈਸ਼ਨ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਭਾਸ਼ਣਾਂ ਦਾ ਸੀ, ਜਿਸ ਵਿੱਚ ਕਿਹੜਾ ਕੀ ਕਹਿੰਦਾ ਹੈ, ਇਸ ਵੱਲ ਦੁਨੀਆ ਭਰ ਦੇ ਲੋਕਾਂ ਦੇ ਕੰਨ ਲੱਗੇ ਹੋਏ ਸਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੇ ਪੱਕੇ ਰੌਂਅ ਮੁਤਾਬਕ ਅੱਤਵਾਦ ਦਾ ਮੁੱਦਾ ਚੁੱਕਿਆ ਅਤੇ ਨਾਲ ਭਾਰਤ ਦੇ ਵਿਕਾਸ ਦੀਆਂ ਗੱਲਾਂ ਦਾ ਗੁਤਾਵਾ ਕਰ ਕੇ ਇੱਕ ਏਦਾਂ ਦਾ ਮਾਹੌਲ ਸਿਰਜ ਲਿਆ ਕਿ ਅਗਲੀ ਗੱਲ ਵੀ ਕਹਿੰਦਾ ਹੋਇਆ ਪਾਕਿਸਤਾਨ ਦਾ ਨਾਂਅ ਲਏ ਬਿਨਾ ਉਸ ਉੱਤੇ ਚੋਟ ਕਰਦਾ ਗਿਆ। ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਸ ਕਲਾ ਦਾ ਏਨਾ ਮਾਹਰ ਵੀ ਨਹੀਂ ਅਤੇ ਇਸ ਪੱਖੋਂ ਉਸ ਕੋਲ ਬਹੁਤਾ ਕੁਝ ਕਹਿਣ ਲਈ ਵੀ ਨਹੀਂ, ਇਸ ਕਾਰਨ ਬੜੇ ਥੋੜ੍ਹੇ ਹੋਰ ਮੁੱਦੇ ਛੇੜ ਕੇ ਬਾਅਦ ਵਿੱਚ ਸਿੱਧੇ ਭਾਰਤ ਵਿਰੋਧੀ ਨੁਕਤਿਆਂ ਉੱਤੇ ਬੋਲਣ ਲੱਗ ਪਿਆ। ਕਸ਼ਮੀਰ ਦਾ ਮੁੱਦਾ ਤਾਂ ਉਸ ਨੇ ਚੁੱਕਣਾ ਹੀ ਸੀ, ਉਹ ਇਹ ਵੀ ਸਮਝਾਉਣ ਲੱਗਾ ਰਿਹਾ ਕਿ ਇਸਲਾਮ ਅਤੇ ਅੱਤਵਾਦ ਨੂੰ ਆਪੋ ਵਿੱਚ ਰਲਗੱਡ ਕਰਨ ਨਾਲ ਨੁਕਸਾਨ ਹੁੰਦਾ ਹੈ, ਪਰ ਅੰਤ ਵਿੱਚ ਇਸ ਗੱਲ ਉੱਤੇ ਆ ਗਿਆ ਕਿ ਜੇ ਭਾਰਤ ਨਾਲ ਜੰਗ ਹੋਣ ਦੀ ਸਥਿਤੀ ਬਣੀ ਤਾਂ ਸਾਰੀ ਦੁਨੀਆ ਭੁਗਤੇਗੀ। ਉਸ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਉਸ ਦਾ ਦੇਸ਼ ਭਾਰਤ ਵਾਂਗ ਐਟਮੀ ਤਾਕਤ ਹੈ ਅਤੇ ਲੜਾਈ ਵਿੱਚ ਉਹ ਜਾਂ ਹਾਰ ਮੰਨਣਗੇ ਜਾਂ ਆਖਰੀ ਸਾਹ ਤੱਕ ਲੜਨਗੇ ਤੇ ਇਸ ਸਥਿਤੀ ਵਿੱਚ ਜਿਹੜੀ ਨੌਬਤ ਆ ਸਕਦੀ ਹੈ, ਬਾਕੀ ਦੁਨੀਆ ਉਸ ਦੇ ਅਸਰ ਤੋਂ ਬਚੀ ਰਹਿਣ ਦੀ ਆਸ ਬਿਲਕੁਲ ਨਹੀਂ ਕਰ ਸਕਦੀ। ਦਹਿਸ਼ਤਗਰਦੀ ਦੇ ਮੁੱਦੇ ਉੱਤੇ ਆਪਣੇ ਦੇਸ਼ ਦੀ ਸਫਾਈ ਦੇਣ ਦੀ ਕੋਸ਼ਿਸ਼ ਵੀ ਉਸ ਨੇ ਬੜੀ ਕੀਤੀ, ਪਰ ਕੰਮ ਪਹਿਲਾਂ ਹੀ ਵਿਗੜ ਚੁੱਕਾ ਸੀ।



ਪਹਿਲਾਂ ਵਿਗੜ ਚੁੱਕੇ ਕੰਮ ਦੀ ਗੱਲ ਅਸੀਂ ਇਸ ਲਈ ਕਹਿੰਦੇ ਹਾਂ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਯੂ ਐੱਨ ਓ ਦੇ ਮੰਚ ਤੋਂ ਬੋਲਣ ਦੇ ਇੱਕ ਦਿਨ ਪਹਿਲਾਂ ਇਹ ਗੱਲ ਕਹਿ ਚੁੱਕਾ ਸੀ ਕਿ ਅਮਰੀਕਾ ਦੇ ਕਹਿਣ ਉੱਤੇ ਤਾਲਿਬਾਨ ਤੇ ਅਲ ਕਾਇਦਾ ਨੂੰ ਟਰੇਨਿੰਗ ਦੇ ਕੇ ਉਸ ਦੇ ਦੇਸ਼ ਦੀ ਫੌਜ ਨੇ ਖੜੇ ਕੀਤਾ ਸੀ। ਨਾਂਅ ਭਾਵੇਂ ਅਮਰੀਕਾ ਦਾ ਲਿਆ ਕਿ ਉਸ ਦੇ ਕਹੇ ਉੱਤੇ ਇਹ ਕੰਮ ਕੀਤਾ ਸੀ, ਪਰ ਅਸਲ ਵਿੱਚ ਉਸ ਨੇ ਇਹ ਗੱਲ ਮੰਨ ਲਈ ਕਿ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇਣ ਅਤੇ ਦੂਸਰੇ ਦੇਸ਼ਾਂ ਵਿੱਚ ਭੇਜਣ ਦਾ ਗੁਨਾਹ ਉਸ ਦੇ ਦੇਸ਼ ਦੀ ਫੌਜ ਕਰਦੀ ਰਹੀ ਸੀ। ਜੇ ਅਮਰੀਕਾ ਦੇ ਕਹਿਣ ਉੱਤੇ ਵੀ ਕੀਤਾ ਸੀ ਤਾਂ ਇਸ ਬਹਾਨੇ ਇਮਰਾਨ ਖਾਨ ਨੇ ਇਹ ਗੱਲ ਮੰਨ ਲਈ ਕਿ ਜਦੋਂ ਭਾਰਤ ਪੁਲਾੜ ਵੱਲ ਉਡਾਰੀ ਲਾਉਣ ਸਮੇਤ ਕਈ ਕਦਮ ਵਿਕਾਸ ਵੱਲ ਵਧਾਉਣ ਲੱਗਾ ਪਿਆ ਸੀ, ਓਦੋਂ ਇਮਰਾਨ ਖਾਨ ਦਾ ਦੇਸ਼ ਕਦੇ ਅਮਰੀਕਾ ਅਤੇ ਕਦੇ ਕਿਸੇ ਹੋਰ ਦੇਸ਼ ਵਾਲਿਆਂ ਲਈ ਭਾੜੇ ਦੇ ਕਾਰਿੰਦੇ ਵਾਂਗ ਗੰਦੇ ਤੋਂ ਗੰਦਾ ਕੰਮ ਕਰਦਾ ਰਿਹਾ ਸੀ। ਦੋਸ਼ ਭਾਵੇਂ ਪਿਛਲੀਆਂ ਸਰਕਾਰਾਂ ਸਿਰ ਥੱਪ ਦਿੱਤਾ ਜਾਵੇ, ਪਰ ਇਸ ਨਾਲ ਭੰਡੀ ਤਾਂ ਪਾਕਿਸਤਾਨ ਦੇਸ਼, ਉਸ ਦੀ ਫੌਜ ਅਤੇ ਉਸ ਕੌਮ ਦੀ ਹੀ ਹੁੰਦੀ ਸੀ। ਇਸ ਕਾਰਨ ਜਦੋਂ ਉਹ ਅਮਰੀਕਾ ਵਿੱਚ ਏਦਾਂ ਦੇ ਥਿੜਕਣਾਂ ਭਰਪੂਰ ਪੈਂਤੜੇ ਵਰਤ ਰਿਹਾ ਸੀ ਤੇ ਏਥੋਂ ਤੱਕ ਕਹੀ ਜਾਂਦਾ ਸੀ ਕਿ ਜਿਹੜੇ ਦਬਾਅ ਹੇਠ ਮੈਂ ਕੰਮ ਕਰਦਾ ਪਿਆ ਹਾਂ, ਕੋਈ ਹੋਰ ਆਗੂ ਹੁੰਦਾ ਤਾਂ ਉਸ ਨੂੰ ਹਾਰਟ ਅਟੈਕ ਹੋ ਜਾਂਦਾ ਤਾਂ ਉਸ ਦੀ ਬੇਵੱਸੀ ਵੀ ਜ਼ਾਹਰ ਹੁੰਦੀ ਸੀ ਅਤੇ ਕੂਟਨੀਤੀ ਦਾ ਅਨਾੜੀਪੁਣਾ ਵੀ। ਉਸ ਦੇ ਲੋਕ ਵੀ ਇਸ ਤੋਂ ਖੁਸ਼ ਨਹੀਂ ਹੋ ਸਕਦੇ।

ਅਸੀਂ ਭਾਰਤੀ ਲੋਕ ਜਦੋਂ ਇਹ ਗੱਲ ਕਹਿੰਦੇ ਹਾਂ ਕਿ ਅਸੀਂ ਤਰੱਕੀ ਬਹੁਤ ਕੀਤੀ ਹੈ ਤਾਂ ਅਗਲੀ ਗੱਲ ਕਹਿਣ ਲਈ ਯੋਗ ਆਧਾਰ ਨਹੀਂ ਦੱਸ ਸਕਦੇ ਕਿ ਤਰੱਕੀ ਦਾ ਲਾਭ ਹਰ ਭਾਰਤੀ ਨੂੰ ਸਾਵਾਂ ਮਿਲਿਆ ਹੈ, ਪਰ ਪਾਕਿਸਤਾਨ ਦਾ ਆਜ਼ਾਦੀ ਦੇ ਬਾਅਦ ਸਾਰਾ ਧਿਆਨ ਹੀ ਭਾਰਤ ਦੇ ਵਿਰੋਧ ਵਾਸਤੇ ਲੱਗਾ ਰਿਹਾ ਹੈ। ਉਨ੍ਹਾਂ ਨੇ ਇੱਕੋ ਗੱਲ ਇਹੋ ਜਿਹੀ ਕੀਤੀ, ਜਿਸ ਦੇ ਨਾਲ ਸੰਸਾਰ ਦਾ ਧਿਆਨ ਖਿੱਚਣ ਦਾ ਯਤਨ ਕਰਦੇ ਹਨ ਤੇ ਉਹ ਗੱਲ ਐਟਮੀ ਸ਼ਕਤੀ ਹਾਸਲ ਕਰਨਾ ਹੈ, ਪਰ ਇਸ ਕੰਮ ਵਿੱਚ ਵੀ ਉਨ੍ਹਾਂ ਦਾ ਓਨਾ ਯੋਗਦਾਨ ਆਪਣਾ ਨਹੀਂ, ਜਿੰਨਾ ਇਸਲਾਮੀ ਦੇਸ਼ਾਂ ਦਾ ਹੈ, ਜਿਨ੍ਹਾਂ ਤੋਂ ਇਹ ਕਹਿ ਕੇ ਪੈਸਾ ਲਿਆ ਸੀ ਕਿ ਇਹ ਬੰਬ ਪਾਕਿਸਤਾਨ ਵਾਸਤੇ ਨਹੀਂ, ਅਸੀਂ ਇਸਲਾਮੀ ਬੰਬ ਬਣਾਉਣਾ ਹੈ। ਅੱਜ ਜਦੋਂ ਪਾਕਿਸਤਾਨ ਸਰਕਾਰ ਦਾ ਮੁਖੀ ਇਹ ਗੱਲ ਮੰਨ ਰਿਹਾ ਹੈ ਕਿ ਉਸ ਦੇ ਦੇਸ਼ ਦੀਆਂ ਸਰਕਾਰਾਂ ਤੇ ਫੌਜਾਂ ਨੇ ਅਲ ਕਾਇਦਾ ਤੇ ਤਾਲਿਬਾਨ ਵਰਗੇ ਗਰੁੱਪਾਂ ਨੂੰ ਤਿਆਰ ਕਰਨ ਦਾ ਗੁਨਾਹ ਕੀਤਾ ਹੋਇਆ ਹੈ ਤਾਂ ਇਹ ਦੂਸਰਾ ਮੁੱਦਾ ਹੈ, ਜਿਸ ਨਾਲ ਉਹ ਸਾਰੀ ਦੁਨੀਆ ਦਾ ਧਿਆਨ ਖਿੱਚ ਰਿਹਾ ਹੈ, ਪਰ ਇਹ ਮੁੱਦਾ ਕੋਈ ਇੱਜ਼ਤ ਬਣਾਉਣ ਵਾਲਾ ਤਾਂ ਨਹੀਂ, ਹੋਰ ਵੀ ਬੱਦੂ ਕਰਨ ਵਾਲਾ ਹੈ।

ਆਪੋ ਵਿੱਚ ਚਾਰ ਜੰਗਾਂ ਦੋਵਾਂ ਦੇਸ਼ਾਂ ਦੀ ਆਪਣੀ ਧਰਤੀ ਅਤੇ ਆਪਣੇ ਆਕਾਸ਼ ਵਿੱਚ ਲੜ ਚੁੱਕੇ ਦੋਵੇਂ ਦੇਸ਼ ਇਸ ਵੇਲੇ ਜਦੋਂ ਸੰਸਾਰ ਦੀ ਸੱਥ ਮੂਹਰੇ ਇੱਕ ਡਿਪਲੋਮੈਟਿਕ ਜੰਗ ਲੜਦੇ ਪਏ ਹਨ, ਇਸ ਵਿੱਚ ਵੀ ਭਾਰਤੀ ਪੱਖ ਦੀ ਗੱਲ ਹੋਵੇ ਜਾਂ ਨਾ, ਪਾਕਿਸਤਾਨ ਦੇ ਹੱਕ ਵਿੱਚ ਹੁੰਗਾਰਾ ਦੇਣ ਵਾਲਾ ਕੋਈ ਨਹੀਂ ਲੱਭਾ। ਏਥੋਂ ਤੱਕ ਕਿ ਚੀਨ ਵਰਗਾ ਉਸ ਦੀ ਚਿਰਾਂ ਤੋਂ ਸਰਪ੍ਰਸਤੀ ਕਰਦਾ ਆਇਆ ਦੇਸ਼, ਜਿਸ ਦੀ ਬਹੁਤ ਸਾਰੀ ਪੂੰਜੀ ਪਾਕਿ-ਸਤਾਨ ਵਿਚਲੇ ਪ੍ਰਾਜੈਕਟਾਂ ਉੱਤੇ ਲੱਗੀ ਹੋਣ ਕਰ ਕੇ ਉਸ ਲਈ ਪਾਕਿਸਤਾਨ ਦੀ ਮਦਦ ਕਰਨਾ ਇੱਕ ਮਜਬੂਰੀ ਵੀ ਹੈ, ਉਹ ਵੀ ਇਸ ਵੇਲੇ ਪਾਕਿਸਤਾਨ ਲਈ ਇੱਕ ਖਾਸ ਹੱਦ ਤੋਂ ਅੱਗੇ ਜਾਣ ਵਾਸਤੇ ਤਿਆਰ ਨਹੀਂ। ਪਾਕਿਸਤਾਨ ਬੁਰੀ ਤਰ੍ਹਾਂ ਨਿੱਖੜ ਚੁੱਕਾ ਹੈ। ਸਾਨੂੰ ਇਹੋ ਜਿਹੀ ਕੋਈ ਚਿੰਤਾ ਨਹੀਂ ਕਿ ਇਸ ਜੰਗ ਵਿੱਚ ਦੋਵਾਂ ਵਿੱਚੋਂ ਕੌਣ ਜਿੱਤੇਗਾ, ਸਗੋਂ ਇਸ ਗੱਲ ਬਾਰੇ ਚਿੰਤਾ ਹੈ ਕਿ ਜੋ ਕੁਝ ਇਮਰਾਨ ਖਾਨ ਸੰਸਾਰ ਦੀ ਸੱਥ ਮੂਹਰੇ ਕਹਿ ਆਇਆ ਹੈ, ਇਸ ਨਾਲ ਉਹ ਹੀਰੋ ਤਾਂ ਬਣਿਆ ਨਹੀਂ, ਪਰ ਆਪਣੀ ਬੇਇੱਜ਼ਤੀ ਮੰਨ ਕੇ ਪਾਕਿਸਤਾਨੀ ਫੌਜ ਕੋਈ ਇਹੋ ਜਿਹਾ ਚੰਦ ਚਾੜ੍ਹ ਸਕਦੀ ਹੈ, ਜਿਹੜਾ ਉਸ ਨੇ ਕਈ ਵਾਰ ਚਾੜ੍ਹਿਆ ਹੈ। ਇਮਰਾਨ ਖਾਨ ਇਸ ਵਕਤ ਭਾਰਤ ਦੇ ਲੋਕਾਂ ਦੇ ਗੁੱਸੇ ਦਾ ਪਾਤਰ ਹੋਣਾ ਚਾਹੀਦਾ ਹੈ ਕਿ ਤਰਸ ਦਾ, ਇਹ ਫੈਸਲਾ ਕਰਨਾ ਬੜਾ ਔਖਾ ਹੈ।

# ਮੋਦੀ ਸਰਕਾਰ ਦਾ ਜੀ ਐੱਸ ਟੀ ਵਾਲਾ ਲੇਖਾ ਗੜਬੜਾ ਗਿਐ

-ਯੂ ਗੁਪਤਾ

ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਨੂੰ ਲਾਗੂ ਕਰਨ ਲਈ ਸੰਵਿਧਾਨਕ ਸੋਧ ਬਿੱਲ ਲਿਆਉਣ ਵਿੱਚ ਦੇਰੀ ਦੀ ਇੱਕ ਵੱਡੀ ਵਜ੍ਹਾ ਕੇਂਦਰ ਦੀ ਉਸ ਵਕਤ ਦੀ ਯੂ ਪੀ ਏ ਸਰਕਾਰ ਵੱਲੋਂ ਰਾਜਾਂ ਦੀ ਮੰਗ 'ਤੇ ਸਹਿਮਤ ਨਾ ਹੋਣਾ ਸੀ। ਰਾਜ ਸਰਕਾਰਾਂ ਆਪਣੀ ਆਮਦਨ ਦੇ ਨੁਕਸਾਨ ਦੀ ਪੂਰਤੀ ਚਾਹੁੰਦੀਆਂ ਸਨ, ਪਰ ਨਰਿੰਦਰ ਮੋਦੀ ਸਰਕਾਰ ਨੇ ਰਾਜ ਸਰਕਾਰਾਂ ਦੀ ਮੰਗ ਨਾਲ ਸਹਿਮਤ ਹੋ ਕੇ ਸਾਰੇ ਰਾਜਾਂ ਵਿੱਚ ਸਰਬ ਸੰਮਤੀ ਬਣਾਉਣ 'ਚ ਸਫਲਤਾ ਹਾਸਲ ਕਰ ਲਈ। ਇਸ ਮਗਰੋਂ ਮੋਦੀ ਸਰਕਾਰ ਨੇ ਜੀ ਐੱਸ ਟੀ ਮੁਆਵਜ਼ਾ ਐਕਟ (2018) ਵਿੱਚ ਇੱਕ ਸੋਧ ਕਰ ਕੇ ਕੁਝ ਚੀਜ਼ਾਂ ਅਤੇ ਸੇਵਾਵਾਂ ਉੱਤੇ ਸਬ-ਟੈਕਸ ਲਾਇਆ। ਸਬ-ਟੈਕਸ ਉਨ੍ਹਾਂ ਚੀਜ਼ਾਂ ਉਤੇ ਲਾਇਆ ਜਾਂਦਾ ਹੈ, ਜਿਹੜੀਆਂ 28 ਫੀਸਦੀ ਟੈਕਸ ਸਲੈਬ ਵਿੱਚ ਆਉਂਦੀਆਂ ਹਨ, ਜਿਵੇਂ ਆਟੋਮੋਬਾਈਲ, ਤੰਬਾਕੂ, ਡ੍ਰਿੰਕਸ ਅਤੇ ਹੋਰ ਕੁਝ ਚੀਜ਼ਾਂ। ਸਬ-ਟੈਕਸ ਅਸਲ ਵਿੱਚ ਨੁਕਸਾਨ ਦਾ ਸਾਹਮਣਾ ਕਰਨ ਵਾਲੇ ਰਾਜਾਂ ਦੀ ਘਾਟਾ-ਪੂਰਤੀ ਲਈ ਸੀ ਅਤੇ ਇਹ ਸਬ-ਟੈਕਸ ਪੰਜ ਸਾਲ ਲਾਗੂ ਰਹਿਣਾ ਸੀ।

ਸਮਾਂ ਹੱਦ ਲਈ ਅਜੇ ਤਿੰਨ ਸਾਲ ਬਾਕੀ ਹਨ। ਫਿਰ ਵੀ ਰਾਜਾਂ ਨੇ ਇਸ ਨੂੰ ਪੰਜ ਸਾਲ ਹੋਰ ਜਾਰੀ ਰੱਖਣ ਦੀ ਮੰਗ ਉਠਾਈ ਹੈ। ਪਹਿਲਾਂ ਹੀ ਉਨ੍ਹਾਂ ਨੇ ਇਸ ਸੰਬੰਧ ਵਿੱਚ 15ਵਾਂ ਵਿੱਤ ਕਮਿਸ਼ਨ ਪੇਸ਼ ਕਰ ਦਿੱਤਾ ਹੈ। ਇਹ ਆਸਾਧਾਰਨ ਨਹੀਂ ਹੈ, ਕਿਉਂਕਿ ਸੂਬੇ ਆਪਣੀ ਸੁਰੱਖਿਆ ਦੀ ਭਾਲ ਵਿੱਚ ਹਨ। ਜੀ ਐੱਸ ਟੀ ਦੇ ਤਹਿਤ ਟੈਕਸ ਕੁਲੈਕਸ਼ਨ ਵਿੱਚ ਕੁੱਲ ਵਾਧਾ 12 ਫੀਸਦੀ ਦੇ ਟੀਚੇ ਦੇ ਮੁਕਾਬਲੇ ਪੰਜ ਫੀਸਦੀ ਤੋਂ ਵੀ ਘੱਟ ਰਿਹਾ ਹੈ, ਇਥੋਂ ਤੱਕ ਕਿ ਸਬ-ਟੈਕਸ ਤੋਂ ਮਿਲੀ ਆਮਦਨ ਵੀ ਬਹੁਤ ਪਿੱਛੇ ਹੈ, ਜਿਸ ਦੀ ਵਰਤੋਂ ਰਾਜਾਂ ਦੇ ਨੁਕਸਾਨ ਦੀ ਪੂਰਤੀ ਲਈ ਕੀਤੀ ਜਾਂਦੀ ਹੈ।

ਅਪ੍ਰੈਲ-ਅਗਸਤ 2019 ਦੌਰਾਨ 65 ਹਜ਼ਾਰ ਕਰੋੜ ਰੁਪਏ (ਇੱਕ ਮਹੀਨੇ ਵਿੱਚ 13 ਹਜ਼ਾਰ ਕਰੋੜ ਰੁਪਏ ਦਰ ਨਾਲ) ਦੀ ਲੋੜ ਦੇ ਮੁਕਾਬਲੇ ਅਸਲੀ ਕੁਲੈਕਸ਼ਨ 24 ਹਜ਼ਾਰ ਕਰੋੜ ਰੁਪਏ ਦੀ ਕਮੀ ਨਾਲ 41 ਹਜ਼ਾਰ ਕਰੋੜ ਰੁਪਏ (ਲਗਭਗ 8000 ਕਰੋੜ ਰੁਪਏ ਪ੍ਰਤੀ ਮਹੀਨਾ) ਹੋਈ ਸੀ। ਇਸ ਨੂੰ ਪੂਰਾ ਕਰਨ ਲਈ ਸਾਲ ਦੇ ਬਾਕੀ ਸੱਤ ਮਹੀਨਿਆਂ ਦੀ ਟੈਕਸ ਕੁਲੈਕਸ਼ਨ 16,500 ਕਰੋੜ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਕਰਨੀ ਪਵੇਗੀ, ਜੋ ਇਸ ਸਮੇਂ ਮੌਜੂਦ ਨਾਮਾਂਤਰ ਜੀ ਡੀ ਪੀ ਵਾਧਾ ਦਰ ਦੇ ਹੁੰਦਿਆਂ ਲਗਭਗ ਅਸੰਭਵ ਜਾਪਦੀ ਹੈ। ਇਥੋਂ ਤੱਕ ਕਿ ਆਮਦਨ ਵਿੱਚ ਕਮੀ ਹੋਣ ਦੇ ਬਾਵਜੂਦ, ਸੰਵਿਧਾਨਕ ਜ਼ਿੰਮੇਵਾਰੀ ਦੇ ਨਾਤੇ ਕੇਂਦਰ ਨੂੰ ਆਪਣੇ ਫੰਡ 'ਚੋਂ ਰਾਜਾਂ ਨੂੰ ਮੁਆਵਜ਼ੇ ਦਾ ਭੁਗਤਾਨ ਕਰਨਾ ਪਵੇਗਾ। ਕੇਂਦਰ ਦਾ ਫੰਡ ਪਹਿਲਾਂ ਹੀ ਘੱਟ ਹੈ। ਇਸ ਲਈ ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਗੰਭੀਰਤਾ ਨਾਲ ਸਵੈ ਨਿਰਮਾਣ ਕਰਨ ਦੀ ਲੋੜ ਹੈ ਕਿਉਂਕਿ ਦੋ ਸਾਲ ਤੋਂ ਜ਼ਿਆਦਾ ਸਮੇਂ ਤੱਕ ਜੀ ਐਸ ਟੀ ਲਾਗੂ ਰਹਿਣ ਦੇ ਬਾਵਜੂਦ ਟੈਕਸ ਦੀ ਆਮਦਨ ਵਿੱਚ ਲੋੜੀਂਦਾ ਉਛਾਲ ਹਾਸਲ ਨਹੀਂ ਕੀਤਾ ਜਾ ਸਕਿਆ। ਇਸ ਤਬਦੀਲੀ ਦੇ ਸੁਧਾਰ ਨੂੰ ਸ਼ੁਰੂ ਕਰਨ ਦਾ ਉਦੇਸ਼ ਇੱਕ ਦੇਸ਼ ਇੱਕ ਟੈਕਸ ਲਾਗੂ ਕਰ ਕੇ ਆਮਦਨ ਦਾ ਵਾਧਾ ਕਰਨਾ ਸੀ ਅਤੇ ਨਾਲ ਉਨ੍ਹਾਂ ਲੱਖਾਂ ਲੋਕਾਂ ਨੂੰ ਟੈਕਸ ਘੇਰੇ ਵਿੱਚ ਲਿਆਉਣਾ ਸੀ, ਜਿਹੜੇ ਟੈਕਸ ਚੋਰੀ ਵਿੱਚ ਲੱਗੇ ਹੋਏ ਸਨ, ਪਰ ਦੋਵਾਂ ਗੱਲਾਂ ਵਿੱਚ ਜੀ ਐਸ ਟੀ ਦਾ ਪ੍ਰਦਰਸ਼ਨ ਆਸ ਤੋਂ ਕਾਫੀ ਘੱਟ ਰਿਹਾ ਹੈ।

ਟੈਕਸ ਚੋਰੀ ਉੱਤੇ ਰੋਕ ਲਾਉਣ ਅਤੇ ਟੈਕਸ ਜਾਲ ਹੋਰ ਚੌੜਾ ਕਰਨ ਦੇ ਪੱਖੋਂ ਸਥਿਤੀ ਪਹਿਲਾਂ ਤੋਂ ਕਿਤੇ ਜ਼ਿਆਦਾ ਗੰਭੀਰ ਹੈ। ਅਜਿਹਾ ਲੱਗਦਾ ਹੈ ਕਿ ਸ਼ੱਕੀ ਵਪਾਰੀਆਂ ਅਤੇ ਅਸਲੀ ਵਪਾਰੀਆਂ ਵਿਚਾਲੇ ਘਮਾਸਾਨ ਚੱਲ ਰਿਹਾ ਹੈ। ਜੀ ਐਸ ਟੀ ਦੇ ਤਹਿਤ ਰਜਿਸਟਰਡ ਸੰਸਥਾਵਾਂ ਦੀ ਗਿਣਤੀ ਅੱਜ ਲਗਭਗ 1.20 ਕਰੋੜ ਹੈ, ਜੋ ਇੱਕ ਜੁਲਾਈ 2017 ਤੋਂ ਪਹਿਲਾਂ ਵਾਲੀ ਸਥਿਤੀ ਵਿੱਚ ਰਜਿਸਟਰਡ ਸੰਸਥਾਵਾਂ ਤੋਂ ਪੰਜਾਹ ਲੱਖ ਵੱਧ ਹੈ। ਇਸ ਗੱਲ ਦਾ ਖਦਸ਼ਾ ਹੈ ਕਿ ਇਸ ਗਿਣਤੀ ਵਿੱਚ ਵਾਧੇ ਦਾ ਇੱਕ ਹਿੱਸਾ ਨਕਲੀ ਸੰਸਥਾਵਾਂ ਹੋਣਗੀਆਂ, ਜੋ ਸਿਰਫ ਠੱਗੀ ਲਈ ਬਣਾਈਆਂ ਗਈਆਂ ਸਨ। ਇਹ ਵਿਭਾਗ ਵਿੱਚ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਸਿਸਟਮ ਵਿੱਚ ਬਦਬੂ ਦੀ ਹੱਦ ਦਾ ਨਮੂਨਾ ਹੈ। ਕੋਈ ਹੈਰਾਨੀ ਨਹੀਂ ਕਿ ਜੀ ਐੱਸ ਟੀ ਹੇਠਲੇ ਅਸਲੀ ਕੁਲੈਕਸ਼ਨ ਇੱਕ ਮਹੀਨੇ ਵਿੱਚ ਲਗਭਗ 1,00,000 ਕਰੋੜ ਰੁਪਏ (ਕੁਝ ਮਹੀਨਿਆਂ ਵਿੱਚ, ਮਿਸਾਲ ਵਜੋਂ ਅਗਸਤ 2019) ਦੇ ਨੇੜੇ ਰਹੀ, ਜੋ ਬਾਅਦ ਵਿੱਚ ਹੋਰ ਵੀ ਘਟ ਗਈ ਹੈ, ਜਦ ਕਿ ਸਰਕਾਰ ਨੂੰ ਘੱਟੋ-ਘੱਟ 1,50,000 ਕਰੋੜ ਰੁਪਏ ਪ੍ਰਤੀ ਮਹੀਨੇ ਦਾ ਟੀਚਾ ਚਾਹੀਦਾ ਹੈ। ਸਾਲ 2021-22 ਤੱਕ ਅਤੇ ਮਾਮੂਲੀ ਟੈਕਸ ਦਰਾਂ ਤੋਂ ਪਰ੍ਹੇ ਬਿਨਾਂ ਮੁਆਵਜ਼ੇ ਦੇ ਦ੍ਰਿਸ਼ ਨੂੰ ਸੁਚੱਜੇ ਢੰਗ ਨਾਲ ਬਦਲਣ ਤੋਂ ਇਲਾਵਾ ਸਾਰੇ 28 ਫੀਸਦੀ ਸਲੈਬ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਟੀਚਾ ਰੱਖਣਾ ਚਾਹੀਦਾ ਅਤੇ 12, 18 ਫੀਸਦੀ ਨੂੰ ਇੱਕੋ ਸਲੈਬ 15 ਫੀਸਦੀ 'ਚ ਮਿਲਾ ਦੇਣਾ ਚਾਹੀਦਾ ਹੈ।

ਅਜੇ ਤੱਕ ਕੱਚੇ ਤੇਲ, ਗੈਸ, ਜਹਾਜ਼ ਟਰਬਾਈਨ ਦੇ ਤੇਲ (ਏ ਟੀ ਐੱਫ), ਪੋਰਟਲ ਤੇ ਡੀਜ਼ਲ ਵਰਗੇ ਉਤਪਾਦਾਂ ਨੂੰ ਜੀ ਐੱਸ ਟੀ ਦੇ ਘੇਰੇ ਵਿੱਚੋਂ ਬਾਹਰ ਰੱਖਿਆ ਹੈ। ਇਹ ਇਸ ਲਈ ਹੈ ਕਿ ਕੇਂਦਰ ਅਤੇ ਰਾਜਾਂ ਦੋਵਾਂ ਨੂੰ ਇਨ੍ਹਾਂ ਉਤਪਾਦਾਂ ਤੋਂ ਬਾਹਰ ਰੱਖ ਕੇ ਵੱਧ ਟੈਕਸ ਮਿਲਦਾ ਹੈ, ਪਰ ਜੀ ਐੱਸ ਟੀ ਹੇਠ ਲਿਆਂਦੇ ਜਾਣ ਉਤੇ ਗੰਭੀਰ ਤਰ੍ਹਾਂ ਪ੍ਰਭਾਵਤ ਹੋਣਗੇ। ਇਹ ਉਦੋਂ ਵੀ ਹੋਵੇਗਾ, ਜਦੋਂ ਇਨ੍ਹਾਂ ਉਤਪਾਦਾਂ ਨੂੰ 28 ਫੀਸਦੀ ਦੀ ਉਚ ਟੈਕਸ ਸਲੈਬ ਦੇ ਤਹਿਤ ਰੱਖਿਆ ਜਾਵੇਗਾ।

ਭਾਰਤ ਦੀ ਅਰਥ ਵਿਵਸਥਾ ਇਸ ਦੀ ਭਾਰੀ ਕੀਮਤ ਚੁਕਾ ਰਹੀ ਹੈ ਕਿਉਂਕਿ ਕਸਟਮ ਡਿਊਟੀ ਤੇ ਵੈਲਿਊ ਐਡਿਡ ਟੈਕਸ (ਵੈਟ) ਦੇ ਵਿਆਪਕ ਪ੍ਰਭਾਵ ਕਾਰਨ ਜੀ ਐਸ ਟੀ ਦੇ ਘੇਰੇ ਵਿੱਚੋਂ ਇਨ੍ਹਾਂ ਉਤਪਾਦਾਂ ਨੂੰ ਬਾਹਰ ਰੱਖਣ ਨਾਲ ਇਨ੍ਹਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਜੀ ਐੱਸ ਟੀ ਮਜ਼ਬੂਤੀ ਹਾਸਲ ਕਰ ਲੈਂਦਾ ਅਤੇ ਲੋੜੀਂਦਾ ਮਾਲੀਆ ਪ੍ਰਾਪਤ ਕਰਨ ਲਈ ਜ਼ਰੂਰੀ ਲਚਕੀਲਾਪਣ ਹਾਸਲ ਕਰਦਾ ਹੈ, ਜਿਹੜਾ ਬਦਲੇ ਵਿੱਚ ਸੂਬਾਈ ਸਰਕਾਰਾਂ ਨੂੰ ਉਨ੍ਹਾਂ ਦੇ ਨਾਲ ਆਉਣ ਲਈ ਸਹਿਮਤ ਕਰਨ ਵਿੱਚ ਮਦਦ ਕਰੇਗਾ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ।

# ਗੁਰੂ ਘਰ ਲਈ ਜੀ ਐੱਸ ਟੀ ਦੀ ਵਾਪਸੀ ਬਨਾਮ ਸਰਕਾਰੀ ਗਰਾਂਟ

-ਜਸਵੰਤ ਸਿੰਘ ਅਜੀਤ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੀਫ ਸੈਕਟਰੀ ਰੂਪ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਨਾਲ ਸੰਬੰਧਤ ਚੀਜ਼ਾਂ ਦੀ ਖਰੀਦ ਉੱਤੇ ਜਿਹੜਾ ਜੀ ਐੱਸ ਟੀ ਅਦਾ ਕੀਤਾ ਜਾਂਦਾ ਹੈ, ਉਸ ਦੀ ਵਾਪਸੀ ਵਜੋਂ ਕੇਂਦਰ ਸਰਕਾਰ ਵੱਲੋਂ ਭੇਜੀ 67 ਲੱਖ ਰੁਪਏ ਦੀ ਦੂਜੀ ਕਿਸ਼ਤ ਕਮੇਟੀ ਨੂੰ ਮਿਲ ਗਈ ਹੈ, 57.45 ਲੱਖ ਰੁਪਏ ਪਹਿਲੀ ਕਿਸ਼ਤ ਇਸ ਤੋਂ ਪਹਿਲਾਂ ਮਿਲ ਚੁੱਕੀ ਹੈ। ਅਦਾ ਕੀਤੇ ਗਏ ਜੀ ਐੱਸ ਟੀ ਦੀ ਵਾਪਸੀ ਦੇ ਦਾਅਵੇ ਨੂੰ ਚੁਣੌਤੀ ਦਿੰਦਿਆਂ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮਿਲੀ ਇਹ ਰਕਮ ਜੀ ਐੱਸ ਟੀ ਦੀ ਵਾਪਸੀ ਨਹੀਂ, ਉਸ ਦੀ 'ਪੂਰਤੀ' ਦੇ ਨਾਂਅ ਉੱਤੇ 'ਗ੍ਰਾਂਟ' ਹੈ। ਆਪਣੇ ਇਸ ਦਾਅਵੇ ਦੀ ਪੁਸ਼ਟੀ ਕਰਦਿਆਂ ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਕੇਂਦਰ ਸਰਕਾਰ ਵੱਲੋਂ ਜੀ ਐੱਸ ਟੀ ਲਾਗੂ ਕੀਤਾ ਗਿਆ ਤਾਂ ਉਸ ਦੇ ਘੇਰੇ ਵਿੱਚ ਉਹ ਸਾਰੀਆਂ ਚੀਜ਼ਾਂ ਵੀ ਆ ਗਈਆਂ, ਜੋ ਗੁਰਦੁਆਰਿਆਂ ਸਮੇਤ ਸਾਰੇ ਧਾਰਮਿਕ ਸਥਾਨਾਂ ਉੱਤੇ ਚੱਲਦੇ ਲੰਗਰ ਵਿੱਚ ਵਰਤੀਆਂ ਜਾਂਦੀਆਂ ਹਨ। ਸਿੱਟੇ ਵਜੋਂ ਗੁਰਦੁਆਰਾ ਕਮੇਟੀਆਂ ਸਮੇਤ ਸਾਰੇ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਵੱਲੋਂ ਲੰਗਰ ਵਿੱਚ ਵਰਤਣ ਵਾਲੀਆਂ ਚੀਜ਼ਾਂ ਉੱਤੇ ਜੀ ਐਸ ਟੀ ਨੂੰ ਵਾਪਸ ਲੈਣ ਲਈ ਸਰਕਾਰ 'ਤੇ ਦਬਾਅ ਬਣਾਇਆ ਜਾਣ ਲੱਗਾ।

ਇਸ ਦੇ ਬਾਅਦ ਧਾਰਮਿਕ ਸੰਸਥਾਵਾਂ ਦੇ ਵਧੇ ਦਬਾਅ ਕਾਰਨ ਕੇਂਦਰ ਸਰਕਾਰ ਦੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਦੱਸਿਆ ਗਿਆ ਕਿ ਸਰਕਾਰ ਵੱਲੋਂ ਸੇਵਾ ਭੋਜ ਯੋਜਨਾ ਹੇਠ 2018-19 ਅਤੇ 2019-20 ਲਈ ਦੋ ਸਾਲਾ ਸਹਾਇਤਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਮੁਤਾਬਕ ਚੈਰੀਟੇਬਲ (ਧਾਰਮਿਕ) ਸੰਸਥਾਵਾਂ ਵੱਲੋਂ ਸੇਵਾ ਭੋਜ ਲਈ ਖਰੀਦੀਆਂ ਗਈਆਂ ਚੋਣਵੀਆਂ ਚੀਜ਼ਾਂ ਉੱਤੇ ਦਿੱਤੇ ਜੀ ਐੱਸ ਟੀ ਦੀ ਪੂਰਤੀ (ਨਾ ਕਿ ਵਾਪਸੀ) ਲਈ ਸਭਿਆਚਾਰਕ ਵਿਭਾਗ ਵੱਲੋਂ ਜਾਰੀ ਨਿਯਮਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਆਰਥਿਕ ਗ੍ਰਾਂਟ ਦਿੱਤੀ ਜਾਵੇਗੀ। ਇਹ ਲਾਭ ਲੈਣ ਦੀਆਂ ਚਾਹਵਾਨ ਸੰਸਥਾਵਾਂ ਵੱਲੋਂ ਨਿਸ਼ਚਿਤ ਨਿਯਮਾਂ ਹੇਠ ਖੁਦ ਨੂੰ ਰਜਿਸਟਰਡ ਕਰਵਾਉਣਾ ਪਵੇਗਾ ਅਤੇ ਸੇਵਾ ਭੋਜ ਲਈ ਖਰੀਦੀਆਂ ਚੀਜ਼ਾਂ ਉਤੇ ਅਦਾ ਕੀਤੇ ਜੀ ਐੱਸ ਟੀ ਨਾਲ ਸੰਬੰਧਤ ਪੂਰੇ ਵੇਰਵੇ ਦੇਣੇ ਪੈਣਗੇ ਤਾਂ ਕਿ ਕੇਂਦਰੀ ਹਿੱਸੇ ਦੀ ਪੂਰਤੀ ਕੀਤੀ ਜਾ ਸਕੇ। ਇਸ ਦੀ ਡੂੰਘੀ ਦੀ ਜਾਂਚ ਤੋਂ ਬਾਅਦ ਹੀ ਗ੍ਰਾਂਟ ਦੀ ਰਕਮ ਜਾਰੀ ਕੀਤੀ ਜਾਇਆ ਕਰੇਗੀ।




ਇਸ ਸਥਿਤੀ ਨੂੰ ਦੇਖਦਿਆਂ ਧਾਰਮਕ ਸੰਸਥਾਵਾਂ ਅਤੇ ਸਿੱਖਾਂ ਦਾ ਮੰਨਣਾ ਹੈ ਕਿ ਸਿੱਖ ਸਿਧਾਂਤਾਂ ਮੁਤਾਬਕ ਅਜਿਹੀ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਗਰਾਂਟ ਦੀ ਮੰਗ ਕਰਨਾ ਭੀਖ ਮੰਗਣ ਵਾਂਗ ਹੈ। ਸਿੱਖ ਇਤਿਹਾਸ ਅਨੁਸਾਰ ਬਾਦਸ਼ਾਹ ਅਕਬਰ ਨੇ ਇੱਕ ਵਾਰ ਅਜਿਹੀ ਪੇਸ਼ਕਸ਼ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀਤੀ ਸੀ, ਜਦੋਂ ਉਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਆਇਆ ਸੀ ਅਤੇ ਗੁਰੂ ਘਰ ਦੀ ਪ੍ਰੰਪਰਾ ਪਹਿਲਾਂ ਪੰਗਤ, ਪਾਛੇ ਸੰਗਤ ਅਨੁਸਾਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਉਸ ਨੂੰ ਆਮ ਸੰਗਤ ਨਾਲ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਪਿਆ ਸੀ। ਗੁਰੂ ਸਾਹਿਬ ਨੇ ਓਦੋਂ ਉਸ ਦੀ ਪੇਸ਼ਕਸ਼ ਨੂੰ ਇਹ ਕਹਿੰਦਿਆਂ ਠੁਕਰਾ ਦਿੱਤਾ ਸੀ ਕਿ ਇਹ ਲੰਗਰ ਸੰਗਤ ਦਾ ਹੈ ਤੇ ਉਹ ਆਪਣੇ ਦਸਵੰਧ ਨਾਲ ਬਿਨਾਂ ਕਿਸੇ ਰੋਕ ਦੇ ਇਸ ਨੂੰ ਚਲਾਈ ਰੱਖਣ ਦੇ ਸਮਰੱਥ ਹੈ।

ਇਨ੍ਹਾਂ ਸਥਾਪਤ ਇਤਿਹਾਸਕ ਮਾਨਤਾਵਾਂ ਦੇ ਹੁੰਦਿਆਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਅਕਾਲੀ ਦਲ ਬਾਦਲ ਦੇ ਮੁਖੀਆਂ ਵੱਲੋਂ ਲੰਗਰ ਲਈ (ਸੇਵਾ ਭੋਜ ਦੇ ਨਾਂਅ ਉਤੇ) ਸਰਕਾਰੀ ਵਿੱਤੀ ਮਦਦ ਪ੍ਰਵਾਨ ਕਰਨਾ ਸਿੱਖ ਮਾਨਤਾਵਾਂ ਦਾ ਸਾਫ ਉਲੰਘਣ ਹੈ ਤੇ ਸ਼ਾਇਦ ਅਜਿਹਾ ਸਿਰਫ ਅਕਾਲੀ ਦਲ ਬਾਦਲ ਦੇ ਮੁਖੀ ਹੀ ਨਿੱਜੀ ਸਵਾਰਥ ਦੇ ਤਹਿਤ ਕਰ ਸਕਦੇ ਹਨ।

ਇਸ ਦੌਰਾਨ ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਵਿੱਚ ਸਿੱਖਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਅਨੋਖੀ ਤੇ ਪ੍ਰੇਰਣਾ ਦਾਇਕ ਪਹਿਲ ਕੀਤੀ ਗਈ ਹੈ। ਗੁਰਦੁਆਰਾ ਇਮਲੀ ਸਾਹਿਬ ਦੀ ਧਰਮ ਪ੍ਰਚਾਰ ਕਮੇਟੀ ਨੇ ਸਾਰੇ ਗੁਰਦੁਆਰਿਆਂ ਦੇ ਮੁਖੀਆਂ ਦੀ ਸਹਿਮਤੀ ਨਾਲ ਫੈਸਲਾ ਲਿਆ ਹੈ ਕਿ 55 ਸਾਲਾ ਤੋਂ ਵੱਧ ਉਮਰ ਦੇ ਬਜ਼ੁਰਗਾਂ, ਜਿਹੜੇ ਸਰੀਰਕ ਤੌਰ 'ਤੇ ਅਸਮਰਥ ਅਤੇ ਆਪਣੇ ਪਰਵਾਰਾਂ ਦੀ ਅਣਦੇਖੀ ਦੇ ਸ਼ਿਕਾਰ ਹਨ, ਤੱਕ 'ਗੁਰੂ ਕਾ ਲੰਗਰ' ਪੁਚਾਉਣ ਦਾ ਪ੍ਰਬੰਧ ਕੀਤਾ ਜਾਵੇ। ਵਰਨਣ ਯੋਗ ਹੈ ਕਿ ਸ਼ਹਿਰ ਵਿੱਚ 35 ਗੁਰਦੁਆਰੇ ਹਨ, ਪਰ ਇਹ ਸੇਵਾ ਅਜੇ ਸੱਤ ਗੁਰਦੁਆਰੇ ਇਮਲੀ ਸਾਹਿਬ, ਵੇਟਮਾਰ ਸਾਹਿਬ, ਪਿਪਲੀਆਰਾਓ, ਖਾਲਸਾਬਾਗ, ਤੇਜਾ ਸਿੰਘ ਨਗਰ ਤੇ ਗੁਰਦੁਆਰਾ ਨਾਨਕ ਸਾਹਿਬ ਤੋਂ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਗੁਰਦੁਆਰਿਆਂ ਵਿੱਚ 24 ਘੰਟੇ ਲੰਗਰ ਚੱਲਦਾ ਹੈ। ਇਸ ਸ਼ਹਿਰ ਵਿੱਚ ਸਿੱਖਾਂ ਦੀ ਕੁੱਲ ਆਬਾਦੀ ਲਗਭਗ ਸੱਤਰ ਹਜ਼ਾਰ ਹੈ, ਜਦ ਕਿ ਬਜ਼ੁਰਗਾਂ ਦੀ ਗਿਣਤੀ 20 ਹਜ਼ਾਰ ਹੈ। ਗੁਰਦੁਆਰਾ ਨਾਨਕ ਸਾਹਿਬ ਵੱਲੋਂ ਪਿਛਲੇ 15 ਸਾਲਾਂ ਤੋਂ ਗੁਰੂ ਨਾਨਕ ਭਲਾਈ ਕੇਂਦਰ ਵੀ ਚਲਾਇਆ ਜਾ ਰਿਹਾ ਹੈ, ਜਿਸ ਹੇਠ ਹਰ ਮਹੀਨੇ ਇੱਕ ਤੋਂ ਪੰਜ ਤਰੀਕ ਤੱਕ ਲੋੜਵੰਦ ਅਤੇ ਵਿਧਵਾ ਔਰਤਾਂ ਨੂੰ 500 ਰੁਪਏ ਤੱਕ ਦਾ ਰਾਸ਼ਨ ਦਿੱਤਾ ਜਾਂਦਾ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਕਸ਼ਮੀਰ ਮੁੱਦੇ ਦੀ ਕੁੜੱਤਣ: ਪਾਕਿਸਤਾਨ ਨੇ ਸਾਹਿਤਕਾਰਾਂ ਦੀਆਂ ਕਿਤਾਬਾਂ ਦਾ ਲੈਣ-ਦੇਣ ਰੋਕਣ ਦਾ ਹੁਕਮ ਵੀ ਕੱਢਿਆ

ਅੰਮ੍ਰਿਤਸਰ, 29 ਸਤੰਬਰ (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਉੱਤੇ ਸਾਰੀ ਦੁਨੀਆ ਵਿੱਚ ਜ਼ੋਰ ਲਾ ਮੁੜੇ ਪਾਕਿਸਤਾਨ ਵੱਲੋਂ ਭਾਰਤ ਨਾਲ ਸਾਹਿਤਕ ਸਾਂਝ ਖਤਮ ਕਰਨ ਦਾ ਨਵਾਂ ਕਦਮ ਚੁੱਕੇ ਜਾਣ ਦੀ ਖਬਰ ਹੈ। ਪਾਕਿ ਸਰਕਾਰ ਨੇ ਕਸਟਮ ਵਿਭਾਗ ਨੂੰ ਵਾਹਗਾ ਸਰਹੱਦ ਰਸਤੇ ਭਾਰਤ ਤੋਂ ਕਿਤਾਬਾਂ ਦਾ ਲੈਣ-ਦੇਣ ਬੰਦ ਕਰਨ ਨੂੰ ਕਿਹਾ ਹੈ। ਗਵਾਂਢੀ ਦੇਸ਼ ਦਾ ਇਹ ਫੈਸਲਾ ਉਦੋਂ ਆਇਆ ਹੈ, ਜਦੋਂ ਦੋਵੇਂ ਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਹਨ। ਇਸ ਨਾਲ ਦੋਵਾਂ ਦੇਸ਼ਾਂ ਦੇ ਸਾਹਿਤਕਾਰਾਂ ਵਿੱਚ ਭਾਰੀ ਰੋਸ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤ-ਪਾਕਿ ਵਿਚਾਲੇ ਕਿਤਾਬਾਂ ਦਾ ਲੈਣ-ਦੇਣ 1992 'ਚ ਸ਼ੁਰੂ ਹੋਇਆ ਸੀ। ਇਨ੍ਹਾਂ ਵਿੱਚ ਪੰਜਾਬੀ ਬੋਲੀ ਦੇ ਕੁਝ ਰਸਾਲੇ ਪੰਜ ਦਰਿਆ, ਸਾਂਝ ਆਦਿ ਜ਼ਿਕਰ ਯੋਗ ਹਨ। ਇਸੇ ਤਰ੍ਹਾਂ ਭਾਰਤ ਤੋਂ ਵੀ ਕੁਝ ਬੜੇ ਅਹਿਮ ਰਸਾਲੇ ਪਾਕਿਸਤਾਨ ਭੇਜੇ ਜਾਂਦੇ ਹਨ, ਜਿਹੜੇ ਗੁਰਮੁਖੀ ਲਿਪੀ ਵਿੱਚ ਛਾਪੇ ਜਾਂਦੇ ਹਨ। ਭਾਰਤ ਵਿੱਚ ਪਾਕਿਸਤਾਨ ਤੋਂ ਆਉਂਦੀਆਂ ਕਿਤਾਬਾਂ ਨੂੰ ਗੁਰਮੁਖੀ ਵਿੱਚ ਅਨੁਵਾਦ ਕੀਤਾ ਜਾਂਦਾ ਹੈ, ਜਦ ਕਿ ਪਾਕਿਸਤਾਨ ਵਿੱਚ ਭਾਰਤੀ ਕਿਤਾਬਾਂ ਦਾ ਸ਼ਾਹਮੁਖੀ ਵਿੱਚ ਲਿਪੀ-ਅੰਤਰ ਹੁੰਦਾ ਹੈ। ਪਿਛਲੇ ਦਿਨੀਂ ਪਾਕਿਸਤਾਨੀ ਸਾਹਿਤਕਾਰ ਅਹਿਸਾਨ ਐਚ ਨਦੀਮ ਨੇ ਭਾਰਤੀ ਪਾਠਕਾਂ ਲਈ ਸੱਤਰ ਕਿਤਾਬਾਂ ਭੇਜਣੀਆਂ ਚਾਹੀਆਂ ਤਾਂ ਪਾਕਿਸਤਾਨੀ ਡਾਕ ਵਿਭਾਗ ਨੇ ਵਾਪਸ ਦੇ ਦਿੱਤੀਆਂ। ਕਾਰਨ ਇਹ ਦੱਸਿਆ ਕਿ ਸਰਕਾਰ ਨੇ ਕਸਟਮ ਵਿਭਾਗ ਨੂੰ 22 ਅਗਸਤ ਨੂੰ ਨਿਰੇਦਸ਼ ਦਿੱਤਾ ਹੈ ਕਿ ਵਾਹਗਾ ਸਰਹੱਦ ਤੋਂ ਕਿਤਾਬਾਂ ਦਾ ਲੈਣ-ਦੇਣ ਬੰਦ ਕੀਤਾ ਜਾਵੇ। ਪਾਕਿਸਤਾਨ ਨੇ ਇਸ ਬਾਰੇ ਆਪਣੇ ਸਾਹਿਤਕਾਰਾਂ ਨੂੰ ਵੀ ਸੂਚਿਤ ਕਰ ਦਿੱਤਾ ਹੈ। ਉਧਰ ਤੋਂ



ਆਉਣ ਵਾਲੀਆਂ ਬਹੁਤੀਆਂ ਕਿਤਾਬਾਂ ਉਂਝ ਤਾਂ ਭਾਰਤ ਦੇ ਕਈ ਰਾਜਾਂ ਵਿੱਚ ਜਾਂਦੀਆਂ ਸਨ, ਪਰ ਜ਼ਿਆਦੀਆਂ ਕਿਤਾਬਾਂ ਅੰਮ੍ਰਿਤਸਰ ਅਤੇ ਕਾਦੀਆਂ (ਗੁਰਦਾਸਪੁਰ) ਵਿੱਚ ਜਾਂਦੀਆਂ ਹਨ। ਖਾਸ ਗੱਲ ਇਹ ਹੈ ਕਿ ਹਰ ਸਾਲ 14 ਅਗਸਤ ਨੂੰ ਦੋਵਾਂ ਦੇਸ਼ਾਂ ਦੇ ਸਾਹਿਤਕਾਰ ਅਟਾਰੀ-ਵਾਹਗਾ ਸਰਹੱਦ ਉੱਤੇ ਸ਼ਾਂਤੀ ਦੀ ਸ਼ਮ੍ਹਾਂ ਰੋਸ਼ਨ ਕਰ ਕੇ ਸਾਹਿਤਕ ਕਿਤਾਬਾਂ ਦਾ ਲੈਣ-ਦੇਣ ਕਰਦੇ ਰਹੇ ਹਨ। ਸਾਹਿਤਕਾਰ ਦੀਪ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਕਰੀਬ ਦੋ ਦਹਾਕੇ ਪਹਿਲਾਂ ਭਾਰਤ-ਪਕਿਸਤਾਨ ਵਿਚਾਲੇ ਸ਼ੁਰੂ ਹੋਇਆ ਕਿਤਾਬਾਂ ਦਾ ਲੈਣ-ਦੇਣ ਬੰਦ ਹੋਣ ਨਾਲ ਝਟਕਾ ਲੱਗਾ ਹੈ। ਮੈਨੂੰ ਯਾਦ ਹੈ ਕਿ 1992 ਵਿੱਚ ਪੰਜਾਬ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੇਤਨਾ ਮਾਰਚ ਕੱਢਿਆ ਤੇ ਅਟਾਰੀ ਸਰਹੱਦ 'ਤੇ ਇਸ ਦੀ ਸਮਾਪਤੀ ਹੋਈ। ਉਧਰ ਵਾਲੇ ਪਾਸੇ ਪਾਕਿਸਤਾਨੀ ਲੇਖਕ ਆਏ ਸਨ। ਉਦੋਂ ਦੋਵਾਂ ਦੇਸ਼ਾਂ ਦੇ ਸਾਹਿਤਕਾਰਾਂ ਦਾ ਜ਼ਬਾਨੀ ਸਮਝੌਤਾ ਹੋਇਆ ਸੀ ਕਿ ਅਸੀਂ ਆਪਣਾ ਸਾਹਿਤ ਤੁਹਾਨੂੰ ਦਿਆਂਗੇ ਅਤੇ ਤੁਸੀਂ ਸਾਨੂੰ। ਮਕਸਦ ਇਹ ਸੀ ਕਿ ਪਾਕਿਸਤਾਨੀ ਪੰਜਾਬੀ ਸਾਹਿਤ, ਜਿਹੜਾ ਸ਼ਾਹਮੁਖੀ ਵਿੱਚ ਹੈ, ਉਸ ਨੂੰ ਭਾਰਤ ਦੇ ਲੋਕ ਕਿਵੇਂ ਪੜ੍ਹਨ। ਇਸ ਦਾ ਰੱਲ ਓਦੋਂ ਪ੍ਰਸਿੱਧ ਲੇਖਕ ਡਾਕਟਰ ਜਗਤਾਰ ਸਿੰਘ, ਡਾਕਟਰ ਜਤਿੰਦਰਪਾਲ ਸਿੰਘ ਜੌਲੀ ਅਤੇ ਪਲਵਿੰਦਰ ਸਿੰਘ ਆਦਿ ਨੇ ਲੱਭਿਆ ਅਤੇ ਪਾਕਿਸਤਾਨ ਤੋਂ ਆਉਂਦੀਆਂ ਕਿਤਾਬਾਂ ਦਾ ਗੁਰਮੁਖੀ 'ਚ ਲਿਪੀ-ਅੰਤਰ ਕੀਤਾ। ਪੰਜਾਬੀ ਭਾਸ਼ਾ ਸਿੱਖਣ 'ਚ ਵਰਤੇ ਜਾਣ ਵਾਲਾ ਕਾਇਦਾ ਵੀ ਗੁਰਮੁਖੀ ਤੋਂ ਸ਼ਾਹਮੁਖੀ ਵਿੱਚ ਅਨੁਵਾਦ ਕੀਤਾ ਗਿਆ।

ਤਾਜ਼ਾ ਸਥਿਤੀ ਵਿੱਚ ਨਾਟਕਕਾਰ ਕੇਵਲ ਧਾਲੀਵਾਲ ਦਾ ਕਹਿਣਾ ਹੈ ਕਿ ਇਹ ਬੜੀ ਦੁੱਖ ਦੀ ਗੱਲ ਹੈ। ਰੋਕ ਲੱਗਣੀ ਹੈ ਤਾਂ ਉਨ੍ਹਾਂ ਸਿਆਸਤਦਾਨਾਂ 'ਤੇ ਲੱਗੇ ਜਿਹੜੇ ਭੜਕਾਊ ਭਾਸ਼ਣ ਦਿੰਦੇ ਹਨ। ਦੋਵਾਂ ਦੇਸ਼ਾਂ ਦੇ ਵਿਗੜੇ ਸੰਬੰਧਾਂ ਦਾ ਖਮਿਆਜ਼ਾ ਸਾਹਿਤਕਾਰਾਂ, ਕਲਾਕਾਰਾਂ ਅਤੇ ਗਾਇਕਾਂ ਨੂੰ ਭੁਗਤਣਾ ਪੈਂਦਾ ਹੈ, ਜਦ ਕਿ ਇਹ ਅਮਨ ਸ਼ਾਂਤੀ ਦੀ ਗੱਲ ਕਰਦੇ ਹਨ।

# ਅੰਮ੍ਰਿਤਸਰ ਤੋਂ ਟੋਰਾਂਟੋ ਦੀ ਸਿੱਧੀ ਉਡਾਣ ਸ਼ੁਰੂ ਕਰਨ ਵਾਲੇ ਦਾਅਵੇ ਖੋਖਲੇ ਨਿਕਲੇ

ਰਾਜਾਸਾਂਸੀ, 29 ਸਤੰਬਰ (ਪੋਸਟ ਬਿਊਰੋ)- ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵੱਲੋਂ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਨੂੰ ਅੰਮ੍ਰਿਤਸਰ ਤੋਂ ਟੋਰਾਂਟੋ (ਕੈਨੇਡਾ) ਲਈ ਸਿੱਧੀ ਉਡਾਣ ਦੇਣ ਦਾ ਦਿਖਾਇਆ ਗਿਆ ਸੁਪਨਾ ਉਸ ਵੇਲੇ ਚਕਨਾਚੂਰ ਹੋ ਗਿਆ, ਜਦੋਂ ਅੰਮ੍ਰਿਤਸਰ ਤੋਂ ਕੈਨੇਡਾ ਜਾਣ ਵਾਲੇ ਯਾਤਰੂਆਂ ਨੂੰ ਬਿਨ੍ਹਾਂ ਇਮੀਗ੍ਰੇਸ਼ਨ ਤੋਂ ਘਰੇਲੂ ਉਡਾਣਾਂ ਰਾਹੀ ਦਿੱਲੀ ਲਿਜਾਇਆ ਜਾਣਾ ਸ਼ੁਰੂ ਕਰ ਦਿੱਤਾ ਗਿਆ। ਇਸ ਕਾਰਨ ਕੇਂਦਰ ਸਰਕਾਰ ਵੱਲੋਂ ਅੰਮ੍ਰਿਤਸਰੋਂ ਸਿੱਧੀ ਉਡਾਣ ਉੱਤੇ ਟੋਰਾਂਟੋ ਜਾਣ ਦਾ ਸੁਪਨਾ ਦੇਖਣ ਵਾਲੇ ਯਾਤਰੀਆਂ ਨਾਲ ਵਾਪਰੇ ਇਸ ਮਜਾਕ ਨਾਲ ਵਿਦੇਸ਼ ਅਤੇ ਇਥੇ ਬੈਠੇ ਪੰਜਾਬੀਆਂ ਵਿੱਚ ਕੇਂਦਰ ਸਰਕਾਰ ਵਿਰੁੱਧ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਕੱਲ੍ਹ ਇੱਥੋਂ ਸਿੱਧੀ ਟੋਰਾਂਟੋ ਦੀ ਫਲਾਈਟ ਕਹਿ ਕੇ ਅਸਲ ਵਿੱਚ ਇਹ ਉਡਾਣ ਦਿੱਲੀ ਤੋਂ ਸ਼ੁਰੂ ਕੀਤੀ ਗਈ ਹੈ, ਜਦਕਿ ਏਅਰ ਇੰਡੀਆਂ ਦੀਆਂ ਇਥੋਂ ਰੋਜ਼ਾਨਾ ਦਿੱਲੀ ਨੂੰ ਕ੍ਰਮਵਾਰ ਸ਼ਾਮ 7 ਵਜੇ ਤੇ 11.50 ਵਜੇ ਚੱਲਣ ਵਾਲੀਆਂ ਘਰੇਲੂ ਉਡਾਣਾਂ ਨੂੰ ਦਿੱਲੀ ਤੋਂ ਟੋਰਾਂਟੋ ਲਈ ਕਰੀਬ ਤੜਕੇ 3 ਵਜੇ ਚੱਲਣ ਵਾਲੀ ਉਡਾਣ ਨਾਲ ਜੋੜ ਦਿੱਤਾ ਗਿਆ ਹੈ। ਜਿਹੜੇ ਯਾਤਰੀ ਇੱਥੋਂ ਉਕਤ ਘਰੇਲੂ ਉਡਾਣਾਂ ਰਾਹੀ ਟੋਰਾਂਟੋ ਜਾਣ ਵਾਲੇ ਹੋਣਗੇ, ਉਨ੍ਹਾਂ ਨੂੰ ਆਪਣੇ ਸਾਮਾਨ ਦੀ ਦਿੱਲੀ ਹਵਾਈ ਅੱਡੇ 'ਤੇ ਦੁਬਾਰਾ ਜਾਂਚ ਕਰਵਾਉਣ ਅਤੇ ਇਮੀਗ੍ਰੇਸ਼ਨ ਚੈੱਕ ਪਿੱਛੋਂ ਤੜਕੇ 3 ਵਜੇ ਚੱਲਣ ਵਾਲੀ ਉਡਾਣ ਉੱਤੇ ਟੋਰਾਂਟੋ ਨੂੰ ਭੇਜਿਆ ਜਾਵੇਗਾ। ਉਹਦਿੱਲੀ ਦੇ ਹਵਾਈ ਅੱਡੇ 'ਤੇ ਟੋਰਾਂਟੋ ਜਾਣ ਵਾਲੀ ਉਡਾਣ 'ਚ ਬੈਠਣ ਲਈ ਕਈ ਘੰਟੇ ਤੱਕ ਇੰਤਜ਼ਾਰ ਕਰਨੇ ਅਤੇ ਇਸ ਦੌਰਾਨ ਕਾਫੀ ਖੱਜਲ-ਖੁਆਰੀ ਸਹਿਣੀ ਪਵੇਗੀ।

# ਨੇਪਾਲ ਸਰਕਾਰ ਵੱਲੋਂ ਗੁਰੂ ਨਾਨਕ ਸਾਹਿਬ ਲਈ ਸਮੱਰਪਤ ਤਿੰਨ ਯਾਦਗਾਰੀ ਸਿੱਕੇ ਜਾਰੀ

ਅੰਮ੍ਰਿਤਸਰ, 29 ਸਤੰਬਰ (ਪੋਸਟ ਬਿਊਰੋ)- ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮੌਕੇ ਨੇਪਾਲ ਸਰਕਾਰ ਵੱਲੋਂ ਤਿੰਨ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਨੇਪਾਲ ਵਿੱਚ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਰਤ ਤੋਂ ਸਿੱਖ ਵਫਦ ਵੀ ਸ਼ਾਮਲ ਹੋਇਆ, ਜਿਸ ਵਿੱਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਮੈਂਬਰ ਵੀ ਸ਼ਾਮਲ ਸਨ। ਕੱਲ੍ਹ ਰਾਜਧਾਨੀ ਕਾਠਮੰਡੂ ਵਿੱਚ ਭਾਰਤੀ ਦੂਤਘਰ ਨੇ ਨੇਪਾਲ ਸਰਕਾਰ ਦੇ ਸਹਿਯੋਗ ਨਾਲ ਕਰਾਏ ਗਏ ਸਮਾਗਮ ਵਿੱਚ ਨੇਪਾਲ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਤਿੰਨ ਯਾਦਗਾਰੀ ਸਿੱਕੇ ਜਾਰੀ ਕੀਤੇ ਹਨ। ਇਹ ਸਿੱਕੇ 2500, 1000 ਅਤੇ 100 ਰੁਪਏ ਦੇ ਹਨ। ਇਸ ਤੋਂ ਇਲਾਵਾ ਦੂਤਘਰ ਵੱਲੋਂ ਨੇਪਾਲ ਦੀ ਸਿੱਖ ਵਿਰਾਸਤ ਨੂੰ ਪੇਸ਼ ਕਰਦੀ ਪੁਸਤਕ ਵੀ ਲੋਕ ਅਰਪਣ ਕੀਤੀ ਗਈ ਹੈ। ਸਮਾਗਮ ਵਿੱਚ ਨੇਪਾਲ ਦੀ ਕੌਮੀ ਬੈਂਕ ਦੇ ਗਵਰਨਰ ਚਿਰੰਜੀ ਬੀ ਨੇਪਾਲ ਅਤੇ ਭਾਰਤੀ ਸਫੀਰ ਮਨਜੀਵ ਸਿੰਘ ਪੁਰੀ ਸ਼ਾਮਲ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਹੇਠ ਸਿੱਖ ਵਫਦ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨਾਲ ਮੁਲਾਕਾਤ ਮੌਕੇ ਨੇਪਾਲ ਵਿੱਚ ਵਸਦੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਦੀ ਚਰਚਾ ਕੀਤੀ। ਲੌਂਗੋਵਾਲ ਨੇ ਦੱਸਿਆ ਕਿ ਨੇਪਾਲ ਦੇ ਪ੍ਰਧਾਨ ਮੰਤਰੀ ਨੇ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਸਵੀਕਾਰ ਕਰਦਿਆਂ ਪੁੱਜਣ ਦਾ ਭਰੋਸਾ ਦਿੱਤਾ ਹੈ।

# ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ ਦੇ ਕੇਸ ਵਿੱਚ ਜਵਾਬ ਨਾ ਦੇਣ ਉੱਤੇ ਰਾਜ ਸਰਕਾਰ ਨੂੰ ਜੁਰਮਾਨਾ

ਵਰਸੋਲਾ, 29 ਸਤੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੇ ਪਾਰ ਪੈਂਦੀ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਦੇ ਮੁਆਵਜ਼ੇ ਦੇ ਕੇਸ ਵਿੱਚ ਜਵਾਬ ਦਾਅਵਾ ਪੇਸ਼ ਨਾ ਕਰਨ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਣਾਏ ਵਿਸ਼ੇਸ਼ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਪ੍ਰਤੀ ਫਾਈਲ 200 ਰੁਪਏ ਜੁਰਮਾਨਾ ਅਦਾ ਕਰਨ ਅਤੇ 28 ਨਵੰਬਰ ਨੂੰ ਜਵਾਬ ਦਾਅਵਾ ਪੇਸ਼ ਕਰਨ ਨੂੰ ਕਿਹਾ ਹੈ। ਇਨ੍ਹਾਂ ਫਾਈਲਾਂ ਦੀ ਗਿਣਤੀ ਨੱਬੇ ਦੇ ਕਰੀਬ ਹੈ।

ਵਰਨਣ ਯੋਗ ਹੈ ਕਿ ਤੀਹ ਸਾਲ ਪਹਿਲਾਂ ਜਦੋਂ ਭਾਰਤ-ਪਾਕਿ ਸਰਹੱਦ ਉਤੇ ਕੰਡਿਆਲੀ ਤਾਰ ਲੱਗੀ ਤਾਂ ਉਸ ਸਮੇਂ ਪੰਜਾਬ ਦੇ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਕਿਸਾਨਾਂ ਦੀ 21,600 ਏਕੜ ਜ਼ਮੀਨ ਤਾਰ ਤੋਂ ਪਾਰ ਰਹਿ ਗਈ ਸੀ। ਇਸ ਜ਼ਮੀਨ ਨੂੰ ਬੀ ਐੱਸ ਐੱਫ ਨੇ ਆਪਣੀ ਨਿਗਰਾਨੀ ਹੇਠ ਲੈ ਲਿਆ ਤੇ ਇਸ ਵਿੱਚ ਖੇਤੀ ਕਰਨ ਲਈ ਮਾਲਕ ਕਿਸਾਨਾਂ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਤਰ੍ਹਾਂ ਨਾ ਕਿਸਾਨ ਇਸ ਜ਼ਮੀਨ ਵਿੱਚ ਆਪਣੀ ਮਰਜ਼ੀ ਨਾਲ ਫਸਲ ਬੀਜ ਸਕਦੇ ਹਨ ਅਤੇ ਨਾ ਮਰਜ਼ੀ ਮੁਤਾਬਕ ਦੇਖਭਾਲ ਕਰ ਸਕਦੇ ਹਨ।

ਕਿਸਾਨਾਂ ਨੇ ਇਸ ਬਾਰੇ ਹਾਈ ਕੋਰਟ ਤੱਕ ਪਹੁੰਚ ਕੀਤੀ ਤਾਂ ਹਾਈ ਕੋਰਟ ਨੇ 20 ਮਈ 2015 ਨੂੰ ਫੈਸਲਾ ਦੇਂਦੇ ਹੋਏ ਸੰਬੰਧਤ ਕਿਸਾਨਾਂ ਨੂੰ ਪ੍ਰਤੀ ਏਕੜ ਸਾਲਾਨਾ 10-10 ਹਜ਼ਾਰ ਰੁਪਏ ਮੁਆਵਜ਼ਾ ਦੇਣਾ ਤੈਅ ਕੀਤਾ ਸੀ। ਇਨ੍ਹਾਂ ਪੈਸਿਆਂ ਦਾ 50 ਫੀਸਦੀ ਕੇਂਦਰ ਸਰਕਾਰ ਤੇ 50 ਫੀਸਦੀ ਪੰਜਾਬ ਸਰਕਾਰ ਨੇ ਦੇਣਾ ਸੀ, ਪਰ ਇਹ ਮੁਆਵਜ਼ਾ ਲੈਣ ਲਈ ਉਨ੍ਹਾਂ ਦੀ ਅਜੇ ਵੀ ਖੱਜਲ ਖੁਆਰੀ ਹੋ ਰਹੀ ਹੈ। ਪਿਛਲਾ ਬਕਾਇਆ ਵੀ ਕਿਸਾਨਾਂ ਨੇ ਅਦਾਲਤਾਂ ਰਾਹੀਂ ਲਿਆ ਸੀ ਅਤੇ ਅੱਗੋਂ ਉਨ੍ਹਾਂ ਨੂੰ ਸਾਲ 2018 ਅਤੇ 2019 ਦਾ ਕਰੀਬ ਪੰਜਾਹ ਕਰੋੜ ਰੁਪਏ ਦਾ ਮੁਆਵਜ਼ਾ ਨਹੀਂ ਮਿਲ ਰਿਹਾ। ਇਸ ਮਾਮਲੇ ਦੀ ਸੁਣਵਾਈ ਵੇਲੇ ਪੰਜਾਬ ਸਰਕਾਰ ਨੇ ਵਿਸ਼ੇਸ਼ ਟ੍ਰਿਬਿਊਨਲ ਨੂੰ ਜਵਾਬ ਦਾਅਵਾ ਪੇਸ਼ ਨਹੀਂ ਕੀਤਾ। ਬਾਰਡਰ ਏਰੀਆ ਕਿਸਾਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਰਘਬੀਰ ਸਿੰਘ ਭੰਗਾਲਾ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਨੇ 28 ਨਵੰਬਰ ਨੂੰ ਜਵਾਬ ਦਾਅਵਾ ਪੇਸ਼ ਨਾ ਕੀਤਾ ਤਾਂ ਉਹ ਫਿਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

# ਪੀ ਡੀ ਏ ਆਗੂਆਂ ਨੇ ਬੈਂਸਾਂ ਨੂੰ ਫਗਵਾੜਾ ਤੋਂ ਉਮੀਦਵਾਰ ਵਾਪਸ ਲੈਣ ਲਈ ਕਿਹਾ

ਜਲੰਧਰ, 29 ਸਤੰਬਰ (ਪੋਸਟ ਬਿਊਰੋ)- ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀ ਡੀ ਏ) ਦੇ ਆਗੂਆਂ ਨੇ ਬੈਂਸ ਭਰਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਗਵਾੜੇ ਵਿੱਚ ਉਪ ਚੋਣ ਲੜਨ ਬਾਰੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ। ਇਹ ਅਪੀਲ ਕਰਨ ਵਾਲਿਆਂ ਵਿੱਚ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ, ਸਾਬਕਾ ਐਮ ਪੀ ਡਾਕਟਰ ਧਰਮਵੀਰ ਗਾਂਧੀ, ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਸੀ ਪੀ ਆਈ ਤੋਂ ਬੰਤ ਸਿੰਘ ਬਰਾੜ, ਆਰ ਐੱਮ ਪੀ ਆਈ ਤੋਂ ਮੰਗਤ ਰਾਮ ਪਾਸਲਾ ਅਤੇ ਐੱਮ ਸੀ ਪੀ ਆਈ ਤੋਂ ਕਿਰਨਜੀਤ ਸਿੰਘ ਸੇਖੋਂ ਸ਼ਾਮਲ ਹਨ। ਇਨ੍ਹਾਂ ਨੇ ਬੈਂਸ ਭਰਾਵਾਂ ਨੂੰ ਕਿਹਾ ਕਿ ਉਹ ਫਗਵਾੜਾ ਸੀਟ ਛੱਡ ਕੇ ਵਿਰੋਧੀ ਧਿਰ 'ਚ ਏਕਤਾ ਕਾਇਮ ਰੱਖਣ।

ਪੀ ਡੀ ਏ ਦੇ ਇਨ੍ਹਾਂ ਆਗੂਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿੱਚ ਤੀਜੇ ਬਦਲ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਉਪ ਚੋਣ ਜਿੱਤਣ-ਹਾਰਨ ਦਾ ਮਸਲਾ ਨਹੀਂ, ਸਗੋਂ ਗਠਜੋੜ ਦੀ



ਭਾਵਨਾ ਕਾਇਮ ਰੱਖਣ ਤੇ ਪੰਜਾਬ ਵਿੱਚ ਲੋਕ-ਪੱਖੀ ਸਿਆਸਤ ਲਈ ਤੀਜੇ ਬਦਲ ਦੀ ਆਸ ਕਾਇਮ ਰੱਖਣ ਦਾ ਸਵਾਲ ਹੈ। ਉਨ੍ਹਾਂ ਨੇ ਬੈਂਸਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਲੋਕ ਇਨਸਾਫ ਪਾਰਟੀ ਨੇ ਫਗਵਾੜਾ ਸੀਟ ਨਾ ਛੱਡੀ ਤਾਂ ਪੀ ਡੀ ਏ ਆਗੂ ਬਸਪਾ ਨੂੰ ਚੋਣਾਂ ਵਿੱਚ ਹਮਾਇਤ ਦੇਣਗੇ ਤੇ ਦਾਖਾ ਵਿੱਚ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਦੀ ਹਮਾਇਤ ਕਰਨਗੇ। ਇਨ੍ਹਾਂ ਨੇ ਕਿਹਾ ਕਿ ਬਸਪਾ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਚੰਗੀ ਕਾਰਗੁਜ਼ਾਰੀ ਦਿਖਾਉਂਦੀ ਰਹੀ ਹੈ, ਉਹ ਇਥੋਂ 20 ਤੋਂ 30 ਹਜ਼ਾਰ ਤੱਕ ਵੋਟਾਂ ਲਿਜਾਂਦੀ ਰਹੀ ਹੈ। ਇਸ ਲਈ ਇਹ ਸੀਟ ਪੀ ਡੀ ਏ ਵੱਲੋਂ ਬਸਪਾ ਨੂੰ ਮਿਲਣੀ ਚਾਹੀਦੀ ਹੈ। ਪੀ ਡੀ ਏ ਦੇ ਆਗੂਆਂ ਨੇ ਖੁਲਾਸਾ ਕੀਤਾ ਕਿ 26 ਸਤੰਬਰ ਨੂੰ ਗਠਜੋੜ ਦੀ ਚੰਡੀਗੜ੍ਹ ਹੋਈ ਮੀਟਿੰਗ ਵਿੱਚ ਸਿਮਰਜੀਤ ਬੈਂਸ ਸਣੇ ਗਠਜੋੜ ਦੇ ਸਾਰੇ ਭਾਈਵਾਲ ਸ਼ਾਮਲ ਸਨ। ਫਗਵਾੜਾ ਸੀਟ ਲਈ ਬਸਪਾ ਤੇ ਲੋਕ ਇਨਸਾਫ ਪਾਰਟੀ ਨੇ ਦਾਅਵਾ ਕੀਤਾ ਸੀ, ਪਰ ਸਹਿਮਤੀ ਇਹ ਹੋਈ ਸੀ ਕਿ ਬਸਪਾ ਦਾ ਇਥੇ ਰਵਾਇਤੀ ਵੋਟ ਬੈਂਕ ਹੈ, ਇਸ ਲਈ ਇਥੋਂ ਬਸਪਾ ਚੋਣ ਲੜੇ, ਬਾਅਦ ਵਿੱਚ ਸਿਮਰਨਜੀਤ ਬੈਂਸ ਨੇ ਫਗਵਾੜਾ ਤੇ ਦਾਖਾ ਤੋਂ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਖੜੇ ਕਰ ਦਿੱਤੇ ਹਨ।

# ਮਹਿਲਾ ਬੈਂਕ ਮੁਲਾਜ਼ਮ ਤੋਂ 5 ਲੱਖ ਰੁਪਏ ਲੁੱਟੇ ਗਏ

ਫਰੀਦਕੋਟ, 29 ਸਤੰਬਰ (ਪੋਸਟ ਬਿਊਰੋ)- ਇੱਕ ਮਹਿਲਾ ਬੈਂਕ ਮੁਲਾਜ਼ਮ ਸ਼ਰੇਆ ਚੌਧਰੀ ਪਤਨੀ ਵਿਜੈ ਸਿੰਘ ਕੁਲਹਾਰ ਵਾਸੀ ਪਿੰਡ ਕੁਹਾਵਾ, ਹਾਲ ਅਬਾਦ ਭਾਨ ਸਿੰਘ ਕਾਲੋਨੀ ਵਿੱਚੋਂ ਆਪਣੇ ਖਾਤੇ ਵਿੱਚੋਂ 5 ਲੱਖ ਰੁਪਏ ਕੱਢਵਾ ਕੇ ਪਰਸ ਵਿੱਚ ਪਾ ਕੇ ਸ਼ਾਮ ਨੂੰ ਘਰ ਮੁੜ ਰਹੀ ਸੀ। ਪਿੱਛੋਂ ਆਏ ਮੋਟਰਸਾਈਕਲ ਸਵਾਰ ਤਿੰਨ ਲੁਟੇਰਿਆਂ ਨੇ 5 ਲੱਖ ਰੁਪਏ ਦੀ ਨਕਦੀ ਵਾਲਾ ਪਰਸ ਖੋਹ ਲਿਆ ਅਤੇ ਫਰਾਰ ਹੋ ਗਏ। ਮਹਿਲਾ ਬੈਂਕ ਅਧਿਕਾਰੀ ਤੋਂ ਜਦੋਂ ਲੁਟੇਰੇ ਨਕਦੀ ਵਾਲਾ ਬੈਗ ਖੋਹ ਕੇ ਭੱਜ ਰਹੇ ਸਨ ਤਾਂ ਉਸ ਨੇ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਨੂੰ ਹੱਥ ਦੇ ਕੇ ਲਿਫਟ ਲੈ ਕੇ ਲੁਟੇਰਿਆਂ ਦਾ ਪਿਛਾ ਕੀਤਾ ਪਰ ਲੁਟੇਰੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਇਸ ਸੰਬੰਧ ਵਿੱਚ ਮਹਿਲਾ ਅਧਿਕਾਰੀ ਨੇ ਦੱਸਿਆ ਕਿ ਉਹ ਕਾਰ ਉਤੇ ਸੀ ਪਰ ਅਚਾਨਕ ਕਾਰ ਖਰਾਬ ਹੋ ਗਈ ਤਾਂ ਉਹ ਕਾਰ ਨੂੰ ਰੋਕ ਕੇ ਪੈਦਲ ਘਰ ਵੱਲ ਜਾ ਰਹੀ ਸੀ। ਉਸ ਦੇ ਦੱਸਣ ਅਨੁਸਾਰ ਪਰਸ ਵਿੱਚ 5 ਲੱਖ ਰੁਪਏ ਨਕਦੀ ਅਤੇ ਏ ਟੀ ਐਮ ਵਾਸਤੇ ਡੈਬਿਟ ਕਾਰਡ, ਬੈਂਕ ਲਾਕਰ ਦੀਆਂ ਚਾਬੀਆਂ ਅਤੇ ਹੋਰ ਦਸਤਾਵੇਜ਼ ਵੀ ਸਨ। ਐਸ ਐਚ ਓ ਸਿਟੀ ਰਾਜਬੀਰ ਸਿੰਘ ਨੇ ਦੱਸਿਆ ਕਿ ਅਣਪਛਾਤੇ ਲੁਟੇਰਿਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਉਂਜ ਉਨ੍ਹਾਂ ਦੱਸਿਆ ਕਿ ਲੁਟੇਰਿਆਂ ਦਾ ਚਿਹਰਾ ਗਲੀ ਵਿੱਚ ਲੱਗੇ ਇੱਕ ਸੀ ਸੀ ਟੀਵੀ ਕੈਮਰੇ 'ਚ ਸਾਫ ਆਇਆ ਹੈ, ਜਿਸ ਦੀ ਮਦਦ ਨਾਲ ਪੁਲਸ ਨੇ ਜਾਂਚ ਸ਼ੁਰੂ ਕੀਤੀ ਹੋਈ ਹੈ ਅਤੇ ਇਲਾਕੇ ਵਿੱਚ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਜਾ ਰਹੀ ਹੈ।

# ਦੇਵਰ ਵੱਲੋਂ ਵੱਡੀ ਭਰਜਾਈ ਦਾ ਬੇਰਹਿਮੀ ਨਾਲ ਕਤਲ

ਦੁਸਾਂਝ ਕਲਾਂ, 29 ਸਤੰਬਰ (ਪੋਸਟ ਬਿਊਰੋ)- ਥਾਣਾ ਗੁਰਾਇਆ ਦੀ ਚੌਕੀ ਦੁਸਾਂਝ ਕਲਾਂ ਵਿਖੇ ਦਿਓਰ ਵੱਲੋਂ ਆਪਣੀ ਵੱਡੀ ਭਰਜਾਈ ਦਾ ਬੇਰਹਿਮੀ ਨਾਲ ਕਤਲ ਕਰਨ ਦੀ ਰਿਪੋਰਟ ਦਰਜ ਕੀਤੀ ਗਈ ਹੈ।

ਕੇਵਲ ਰਾਮ ਐਸ ਐਚ ਓ ਥਾਣਾ ਗੁਰਾਇਆ ਨੇ ਦੱਸਿਆ ਕਿ ਅੱਡਾ ਦੁਸਾਂਝ ਕਲਾਂ ਵਿਖੇ ਲਾਏ ਨਾਕੇ ਉੱਤੇ ਪਹੁੰਚੀ ਪ੍ਰੀਆ ਵਿਰਦੀ ਪੁੱਤਰੀ ਸਵਰਗੀ ਤਰਸੇਮ ਲਾਲ ਤੇ ਉਸ ਦਾ ਰਿਸ਼ਤੇਦਾਰ ਸੋਹਣ ਲਾਲ ਵਾਸੀ ਮੁਖਲੀਆਣਾ ਨੇ ਦੱਸਿਆ ਕਿ ਪ੍ਰੀਆ ਦੀ ਮਾਤਾ ਜਸਵਿੰਦਰ ਉਰਫ ਜੱਸੀ ਨੂੰ ਪ੍ਰੀਆ ਦੇ ਚਾਚੇ ਪਵਨ ਕੁਮਾਰ ਪੁੱਤਰ ਬਲਦੇਵ ਰਾਮ ਨੇ ਕਿਸੇ ਕੰਮ ਵਾਸਤੇ ਆਪਣੇ ਘਰ ਬੁਲਾਇਆ ਸੀ ਤੇ ਕਿਸੇ ਗੱਲ ਕਰ ਕੇ ਉਨ੍ਹਾਂ ਦਾ ਆਪਸ ਵਿੱਚ ਝਗੜਾ ਹੋ ਗਿਆ। ਪ੍ਰੀਆ ਦਾ ਕਹਿਣਾ ਹੈ ਕਿ ਮੰਮੀ ਦੇ ਗਿਆਂ ਨੂੰ ਦੇਰ ਹੋ ਜਾਣ ਕਾਰਨ ਮੈਂ ਆਪਣੇ ਚਾਚੇ ਦੇ ਘਰ ਦੇਖਣ ਲਈ ਗਈ ਤਾਂ ਚਾਚਾ ਪਵਨ ਕੁਮਾਰ ਮੇਰੀ ਮੰਮੀ 'ਤੇ ਛੁਰੇ ਨਾਲ ਗਲੇ ਉੱਤੇ ਵਾਰ ਕਰ ਰਿਹਾ ਸੀ ਤੇ ਉਸ ਨੇ ਮੈਨੂੰ ਧਮਕੀ



ਦਿੱਤੀ ਕਿ ਜੇ ਤੂੰ ਕਿਸੇ ਨੂੰ ਦੱਸਿਆ ਤਾਂ ਤੇਰਾ ਵੀ ਇਹੀ ਹਾਲ ਹੋਵੇਗਾ। ਮੈਂ ਉਥੋਂ ਨੱਸ ਕੇ ਆਪਣੇ ਚਾਚੇ ਵਿਨੋਦ ਕੁਮਾਰ ਅਤੇ ਦੀਪਕ ਰਾਏ ਵਿਰਦੀ ਨੂੰ ਸਾਰੀ ਗੱਲ ਦੱਸੀ। ਮੇਰੀ ਗੱਲ ਸੁਣ ਕੇ ਚਾਚਾ ਵਿਨੋਦ ਕੁਮਾਰ, ਦੀਪਕ ਰਾਏ ਵਿਰਦੀ ਦੋਸ਼ੀ ਪਵਨ ਕੁਮਾਰ ਦੇ ਘਰ ਗਏ ਤਾਂ ਉਹ ਸਾਨੂੰ ਦੇਖ ਕੇ ਕੰਧ ਟੱਪ ਕੇ ਫਰਾਰ ਹੋ ਗਿਆ। ਐਸ ਐਚ ਓ ਗੁਰਾਇਆ ਨੇ ਦੱਸਿਆ ਕਿ ਮੈਂ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜਾ ਤਾਂ ਜਸਵਿੰਦਰ ਕੌਰ ਉਰਫ ਜੱਸੀ ਦੀ ਮੌਤ ਹੋ ਚੁੱਕੀ ਸੀ ਤੇ ਲਾਸ਼ ਖੂਨ ਨਾਲ ਲੱਥ-ਪੱਥ ਪਈ ਸੀ। ਦੋਸ਼ੀ ਦੇ ਖਿਲਾਫ ਥਾਣਾ ਗੁਰਾਇਆ ਵਿਖੇ ਮੁਕੱਦਮਾ ਦਰਜ ਕਰਕੇ ਉਸ ਦੀ ਭਾਲ ਕੀਤੀ ਜਾ ਰਹੀ ਹੈ।

# ਮੋਹਾਲੀ ਦੇ ਐਡਵੋਕੇਟ ਮਨਜਿੰਦਰ ਸਿੰਘ ਨੂੰ 7 ਸਾਲ ਦੀ ਸਜ਼ਾ

ਐੱਸ ਏ ਐੱਸ ਨਗਰ, 29 ਸਤੰਬਰ (ਪੋਸਟ ਬਿਊਰੋ)- ਸਟੇਟ ਬੈਂਕ ਆਫ ਇੰਡੀਆ ਮੁਹਾਲੀ ਫੇਜ਼-7 ਵਿਖੇ ਲੁੱਟ ਦੇ ਕੇਸ ਵਿੱਚ ਨਾਮਜ਼ਦ ਐਡਵੋਕੇਟ ਮਨਜਿੰਦਰ ਸਿੰਘ ਨੂੰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਗਰੀਸ਼ ਦੀ ਅਦਾਲਤ ਨੇ 7 ਸਾਲ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਰਕਾਰੀ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਮਗਰੋਂ ਐਡਵੋਕੇਟ ਮਨਜਿੰਦਰ ਸਿੰਘ ਨੂੰ ਪਿਛਲੀ ਹਾਜ਼ਰੀ ਉੱਤੇ ਦੋਸ਼ੀ ਕਰਾਰ ਦੇ ਦਿੱਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਮੁਹਾਲੀ ਪੁਲਸ ਨੇ ਇਸ ਲੁੱਟ ਦੀ ਵਾਰਦਾਤ ਨੂੰ 12 ਘੰਟਿਆਂ ਵਿੱਚ ਸੁਲਝਾ ਲਿਆ ਸੀ ਅਤੇ ਐਡਵੋਕੇਟ ਮਨਜਿੰਦਰ ਸਿੰਘ ਕੋਲੋਂ 7 ਲੱਖ 67 ਹਜ਼ਾਰ 500 ਰੁਪਏ ਬਰਾਮਦ ਕਰ ਲਏ ਸਨ। ਮਨਜਿੰਦਰ ਸਿੰਘ ਮੁਹਾਲੀ ਦੀ ਅਦਾਲਤ ਵਿੱਚ ਪ੍ਰੈਕਟਿਸ ਕਰਦਾ ਸੀ, ਪਰ ਵਿਆਹ ਤੋਂ ਬਾਅਦ ਉਹ ਕਈ ਮਹੀਨਿਆਂ ਤੋਂ ਅਦਾਲਤ ਨਹੀਂ ਜਾ ਰਿਹਾ ਸੀ। ਇਸ ਬਾਰੇ ਐਸ ਐਸ ਪੀ ਕੁਲਦੀਪ ਸਿੰਘ ਚਾਹਲ ਨੇ ਪ੍ਰੈਸ ਨੂੰ ਦੱਸਿਆ ਸੀ ਕਿ ਲੁੱਟ ਦੀ ਵਾਰਦਾਤ ਤੋਂ ਥੋੜ੍ਹੀ ਦੇਰ ਬਾਅਦ ਕੰਟਰੋਲ ਰੂਮ ਮੁਹਾਲੀ ਵਿੱਚ ਮਨਜਿੰਦਰ ਸਿੰਘ ਵਾਸੀ ਜ਼ੀਰਾ ਨੇ ਓਦੋਂ ਸੰਨੀ ਇੰਨਕਲੇਵ ਖਰੜ ਦੇ ਕੰਟਰੋਲ ਰੂਮ 'ਤੇ ਦੱਸਿਆ ਸੀ ਕਿ ਉਸ ਦੀ ਕਾਰ ਫੌਕਸਵੈਗਨ ਕੁਝ ਅਣਪਛਾਤੇ ਲੋਕ ਖੋਹ ਕੇ ਲੇ ਗਏ ਹਨ। ਇਸੇ ਪਿੱਛੋਂ ਪੁਲਸ ਨੇ ਸ਼ੱਕੀ ਹਾਲਤ ਵਿੱਚ ਵੀ ਆਰ ਪੰਜਾਬ ਮਾਲ ਦੇ ਪਿਛਲੇ ਪਾਸੇ ਇੱਕ ਗੱਡੀ ਬਰਾਮਦ ਕੀਤੀ। ਜਦੋਂ ਉਕਤ ਗੱਡੀ ਦੀ ਤਲਾਸ਼ੀ ਲਈ ਤਾਂ ਪਤਾ ਲੱਗਾ ਕਿ ਇਹ ਗੱਡੀ ਬੈਂਕ ਦੀ ਲੁੱਟ ਲਈ ਵਰਤੀ ਗਈ ਸੀ ਅਤੇ ਮਨਜਿੰਦਰ ਨੇ ਗੱਡੀ ਖੋਹਣ ਦੀ ਗਲਤ ਜਾਣਕਾਰੀ ਦੇ ਕੇ ਬੈਂਕ ਦੀ ਲੁੱਟ ਦੇ ਕੇਸ ਤੋਂ ਆਪਣੇ ਆਪ ਨੂੰ ਬਚਾਉਣ ਲਈ ਇੱਕ ਝੂਠੀ ਕਹਾਣੀ ਬਣਾਈ ਸੀ।

# ਮਨਜੀਤ ਸਿੰਘ ਜੀ ਕੇ ਵੱਲੋਂ ਮੰਗ: ਦਿੱਲੀ ਗੁਰਦੁਆਰਾ ਕਮੇਟੀ ਦੇ ਤਿੰਨ ਮੈਂਬਰਾਂ ਦਾ ਲਾਈ ਡਿਟੈਕਟਿਵ ਟੈਸਟ ਕਰਾਇਆ ਜਾਵੇ

ਜਲੰਧਰ, 29 ਸਤੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਇਸ ਗੁਰਦੁਆਰਾ ਕਮੇਟੀ ਦੇ ਤਿੰਨ ਮੈਂਬਰਾਂ ਤੇ ਇਕ ਮੁਲਾਜ਼ਮ ਖਿਲਾਫ ਥਾਣਾ ਨੌਰਥ ਐਵੀਨਿਊ ਨੂੰਸ਼ਿਕਾਇਤ ਦਿੱਤੀ ਹੈ। ਇਸ ਵਿੱਚ ਉਨ੍ਹਾਂ ਨੇ ਕਮੇਟੀ ਮੈਂਬਰਾਂ ਜਗਦੀਪ ਸਿੰਘ ਕਾਹਲੋਂ, ਹਰਜੀਤ ਸਿੰਘ ਪੱਪਾ, ਰਮਿੰਦਰ ਸਿੰਘ ਸਵੀਟਾ ਅਤੇ ਹਰਜੀਤ ਸਿੰਘ ਵਲੋਂ ਯੋਜਨਾਬੱਧ ਤਰੀਕੇ ਨਾਲ ਮਨਜੀਤ ਸਿੰਘ ਜੀ ਕੇ ਦੇ ਅਕਸ ਨੂੰ ਠੇਸ ਲਾਉਣ ਲਈ ਤੱਥਹੀਣ ਦੋਸ਼ਾਂ ਦੇ ਆਧਾਰ 'ਤੇ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਨ ਦਾ



ਦੋਸ਼ ਲਾਇਆ ਹੈ।

ਅਸਲ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਡੀ ਸੀ ਪੀ ਨਵੀਂ ਦਿੱਲੀ ਨੂੰ ਸ਼ਿਕਾਇਤ ਦੇ ਕੇ ਦਾਅਵਾ ਕੀਤਾ ਗਿਆ ਸੀ ਕਿਕਮੇਟੀ ਦਾ ਪ੍ਰਧਾਨ ਹੁੰਦਿਆਂ ਮਨਜੀਤ ਸਿੰਘ ਜੀ ਕੇ ਨੇ ਹਰਜੀਤ ਸਿੰਘ ਨੂੰ 10 ਲੱਖ ਰੁਪਏ ਦਾ ਕਰਜ਼ਾ ਦੇਣ ਦੀ ਪ੍ਰਵਾਨਗੀ 'ਤੇ ਦਸਖਤ ਕੀਤੇ ਸਨ, ਪਰ ਹਰਜੀਤ ਕਹਿੰਦਾ ਹੈ ਕਿ ਉਸ ਨੂੰ ਕਰਜ਼ੇ ਦੇ ਨਾਂ 'ਤੇ ਕੋਈ ਰਕਮ ਨਹੀਂ ਮਿਲੀ। ਮਨਜੀਤ ਸਿੰਘ ਜੀ ਕੇ ਨੇ ਦਿੱਲੀ ਪੁਲਸ ਤੋਂ ਇਹ ਮੰਗ ਕੀਤੀ ਹੈ ਕਿ ਦੋਸ਼ ਲਾਉਣ ਵਾਲਿਆਂ ਦਾ ਲਾਈ ਡਿਟੈਕਟਿਵ ਟੈਸਟ ਕਰਵਾ ਲਿਆ ਜਾਏ। ਇਸ ਦੇ ਨਾਲ ਹੀ ਮਨਜੀਤ ਸਿੰਘ ਜੀ ਕੇ ਨੇ ਪੁਲਸ ਨੂੰ ਹਰਜੀਤ ਸਿੰਘ ਦੇ ਦਸਤਖਤ ਨੂੰ ਫੋਰੈਂਸਿਕ ਜਾਂਚ ਲਈ ਸੀ ਐਫ ਐਸ ਐਲ ਭੇਜਣ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਭ ਕੁਝ ਜਾਣਨ ਦੇ ਬਾਵਜੂਦ ਕਮੇਟੀ ਦੇ ਆਗੂ ਉਲਝਣ ਫੈਲਾਉਣ ਲਈ ਮੈਨੂੰ 10 ਲੱਖ ਰੁਪਏ ਨਕਦ ਦੇਣ ਦੇ ਝੂਠੇ ਦਾਅਵੇ ਕਰ ਰਹੇ ਹਨ ਅਤੇ ਜਦੋਂ ਤੋਂ ਮੈਂ 2 ਅਕਤੂਬਰ ਨੂੰ ਇਕ ਨਵੀਂ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ, ਉਦੋਂ ਤੋਂ ਗੁਰਦੁਆਰਾ ਕਮੇਟੀ ਦੇ ਆਗੂ ਘਬਰਾਹਟ ਵਿੱਚ ਹਨ। ਉਨ੍ਹਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਵਲੋਂ ਲਾਏ ਦੋਸ਼ ਨੂੰ ਝੂਠ ਦਾ ਪੁਲੰਦਾ ਦੱਸ ਕੇ ਕਿਹਾ ਕਿ ਇਕ ਜਾਅਲੀ ਸਕ੍ਰਿਪਟ ਲਿਖ ਕੇ ਮੇਰੇ ਅਕਸ ਨੂੰ ਨੁਕਸਾਨ ਪੁਚਾਉਣ ਦੀ ਸਾਜ਼ਿਸ਼ ਰਚੀ ਗਈ ਹੈ। ਜੀ ਕੇ ਨੇ ਦੋਸ਼ੀਆਂ ਖਿਲਾਫ ਅਪਰਾਧਿਕ ਕੇਸ ਦਰਜ ਕਰਨ ਦੀ ਮੰਗ ਵੀਪੁਲਸ ਤੋਂ ਕੀਤੀ ਹੈ।

# ਸਾਬਕਾ ਜੱਜ ਵੱਲੋਂ ਚੀਫ ਜਸਟਿਸ ਕੋਲ ਮੌਜੂਦਾ ਜੱਜ ਦੀ ਸ਼ਿਕਾਇਤ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ)- ਬਰਗਾੜੀ ਕਾਂਡ ਦੀ ਜਾਂਚ ਲਈ ਬਣੇ ਜਾਂਚ ਕਮਿਸ਼ਨ ਦੇ ਮੁਖੀ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੇ ਆਪਣੇ ਖਿਲਾਫ ਕੀਤੀਆ ਗਈਆ ਟਿੱਪਣੀਆਂ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਹਾਈਕੋਰਟ ਵਿੱਚ ਕ੍ਰਿਮੀਨਲ ਸ਼ਿਕਾਇਤ ਕੀਤੀ ਹੋਈ ਹੈ। ਕੱਲ੍ਹਇਸ ਕੇਸ ਦੀ ਸੁਣਵਾਈ ਆਊਟ ਆਫ ਟਰਨ ਅਤੇ ਪਹਿਲ ਦੇ ਆਧਾਰ 'ਤੇ ਕੀਤੀ ਗਈ ਸੀ, ਜਿਸ ਦਾ ਅਰਜ਼ੀ ਕਰਤਾ ਜਸਟਿਸ ਰਣਜੀਤ ਸਿੰਘ ਦੇ ਵਕੀਲਾਂ ਨੇ ਵਿਰੋਧ ਕੀਤਾ, ਪਰ ਕੋਰਟ ਨੇ ਦੋ ਘੰਟੇ ਤੱਕ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਪੱਖ ਨੂੰ ਬਹਿਸ

*** ਜਲਦਬਾਜ਼ੀ ਵਿੱਚ ਨਿਆਂ ਪ੍ਰਭਾਵਿਤ ਹੋਣ ਦੀ ਗੱਲ ਕਹੀ**

ਦਾ ਮੌਕਾ ਦਿੱਤਾ ਤੇਸੋਮਵਾਰ ਨੂੰ ਫਿਰ ਸੁਣਵਾਈ ਰੱਖ ਲਈ।

ਜਸਟਿਸ ਰਣਜੀਤ ਸਿੰਘ ਨੇ ਇਸ ਨੂੰ ਨਿਆਂ ਪ੍ਰਕਿਰਿਆ ਲਈ ਗਲਤ ਦੱਸਦੇ ਹੋਏ ਪੰਜਾਬ ਹਰਿਆਣਾ ਹਾਈਕੋਰਟ ਦੇ ਕਾਰਜਕਾਰੀਚੀਫ ਜਸਟਿਸ ਨੂੰ ਐਸ ਐਮ ਐਸ ਕੀਤਾ ਅਤੇ ਆਪਣੀ ਸ਼ਿਕਾਇਤ ਉਤੇ ਜਲਦਬਾਜ਼ੀ ਵਿੱਚ ਸੁਣਵਾਈ ਹੋਣ ਉੱਤੇ ਸਵਾਲ ਖੜੇ ਕੀਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੇ ਮਾਮਲੇ ਵਿੱਚ ਜਲਦਬਾਜ਼ੀ ਵਿੱਚ ਸੁਣਵਾਈ ਨਾਲ ਫੈਸਲਾ ਪ੍ਰਭਾਵਿਤ ਹੋ ਸਕਦਾ ਹੈ। ਸੋਸ਼ਲ ਮੀਡੀਆਂ ਵਿੱਚ ਵਾਇਰਲ ਹੋ ਚੁੱਕੇ ਇਸ ਐਸ ਐਮ ਐਸ ਵਿੱਚ ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਜਿਹੜੇ ਜੱਜ ਉਨ੍ਹਾਂ ਦੇ ਕੇਸ ਦੀ ਸੁਣਵਾਈ ਕਰ ਰਹੇ ਹਨ, ਉਨ੍ਹਾਂ ਦੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਤਬਾਦਲੇ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਉੱਤੇ ਉਹ ਸੁਣਵਾਈ ਕਰਨ ਵਿੱਚ ਜਲਦਬਾਜ਼ੀ ਕਰ ਰਹੇ ਹਨ।

ਕਾਰਜਕਾਰੀ ਚੀਫ ਜਸਟਿਸ ਰਾਜੀਵ ਸ਼ਰਮਾ ਨੂੰ ਲਿਖੇ ਇਸ ਪੱਤਰ ਵਿੱਚ ਜਸਟਿਸ ਰਣਜੀਤ ਸਿੰਘ ਨੇ ਆਪਣੀ ਸ਼ਿਕਾਇਤ ਉੱਤੇ ਸੁਣਵਾਈ ਦੇ ਸਬੰਧ ਵਿੱਚ ਧਿਆਨ ਦਿੱਤੇ ਜਾਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਹ ਅਜਿਹਾ ਕੇਸ ਹੈ ਜਿਸ ਵਿੱਚ ਹਾਈਕੋਰਟ ਦਾ ਇੱਕ ਸਾਬਕਾ ਜਸਟਿਸ ਇਸ ਜੁਡੀਸ਼ਲ ਸੰਸਥਾ ਦੇ ਮਾਣ ਤੇ ਸਤਿਕਾਰ ਦੀ ਸੁਰੱਖਿਆ ਦੀ ਮੰਗ ਕਰ ਰਿਹਾ ਹੈ। ਪਤਾ ਲੱਗਾ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ 'ਤੇ ਕੱਲ੍ਹ 235 ਨੰਬਰ ਉਤੇ ਸੁਣਵਾਈ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ, ਪਰ ਦੁਪਹਿਰ ਦੇ ਬਾਅਦ ਇਸ ਬਾਰੇ ਹੋਰ ਕੇਸਾਂ ਤੋਂ ਪਹਿਲਾਂ ਸੁਣਵਾਈ ਸ਼ੁਰੂ ਕਰ ਦਿੱਤੀ ਗਏ। ਬਚਾਅ ਪੱਖ ਨੇ ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਕਾਨੂੰਨ ਜਾਇਜ਼ ਹੋਣ 'ਤੇ ਸਵਾਲ ਉਠਾਏ ਸਨ। ਜਸਟਿਸ ਰਣਜੀਤ ਸਿੰਘ ਵੱਲੋਂ ਸੀਨੀਅਰ ਵਕੀਲ ਏ ਪੀ ਐਸ ਦਿਉਲ ਨੇ ਕੇਸ ਦੀ ਆਊਟ ਆਫ ਟਰਨ ਸੁਣਵਾਈ ਕੀਤੀ ਜਾਣ ਉੱਤੇ ਅਦਾਲਤ ਵਿੱਚ ਵੀ ਇਤਰਾਜ਼ ਕੀਤਾ ਸੀ।



# ਭਾਜਪਾ ਵੱਲੋਂ ਹਰਿਆਣਾ ਵਿੱਚ ਅਕਾਲੀ ਦਲ ਨੂੰ ਦੂਸਰਾ ਝਟਕਾ

* ਵਿਧਾਨ ਸਭਾ ਚੋਣਾਂ ਇਕੱਲੇ ਲੜਨ ਦਾ ਐਲਾਨ



ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿਚ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਉਸ ਨਾਲ ਕੋਈ ਗਠਜੋੜ ਨਾ ਕਰਨ ਦਾ ਐਲਾਨ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਹਰਿਆਣਾ ਦੇ ਜ਼ਿਲਾ ਸਿਰਸਾ ਦੇ ਕਾਲਾਂਵਾਲੀ ਹਲਕੇ ਤੋਂ ਅਕਾਲੀ ਦਲ ਦੇ ਇੱਕੋ ਵਿਧਾਇਕ ਬਲਕੌਰ ਸਿੰਘ ਵੀਰਵਾਰ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਪਿੱਛੋਂ ਅਕਾਲੀ ਦਲ ਨੇ ਹਰਿਆਣਾ ਵਿਧਾਨ ਸਭਾ ਚੋਣ ਇਕੱਲੇ ਲੜਨ ਦੀ ਧਮਕੀ ਦਿੱਤੀ ਸੀ। ਜਵਾਬ ਵਿੱਚ ਅੱਜ ਭਾਜਪਾ ਨੇ ਐਲਾਨ ਕਰ ਦਿੱਤਾ ਹੈ ਕਿ ਇਸ ਰਾਜ ਵਿੱਚ ਅਕਾਲੀ ਦਲ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਪਾਰਟੀ ਇਕੱਲੇ ਚੋਣਾਂ ਲੜੇਗੀ। ਹਰਿਆਣਾ ਨੂੰ ਪਾਣੀ ਸਪਲਾਈ ਲਈ ਬਣਨ ਵਾਲੀ ਐੱਸ ਵਾਈ ਐੱਲ (ਸਤਲੁਜ ਯਮਨਾ ਲਿੰਕ) ਨਹਿਰ ਦੇ ਮੁੱਦੇ ਉੱਤੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਵਿਚਾਰ ਵੱਖੋ-ਵੱਖ ਹਨ। ਦੋਵੇਂ ਧਿਰਾਂ ਵਿਚਾਲੇ ਹਰਿਆਣਾ ਵਿੱਚ ਚੋਣ ਗਠਜੋੜ ਲਈ ਇਹ ਮੁੱਦਾ ਸਭ ਤੋਂ ਵੱਡਾ ਅੜਿਕਾ ਹੈ। ਚੌਟਾਲਾ ਪਰਵਾਰ ਦੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਹੀ ਨਹੀਂ, ਕਾਂਗਰਸ ਅਤੇ ਜਨ ਨਾਇਕ ਜਨਤਾ ਪਾਰਟੀ (ਜਜਪਾ) ਵਾਲੇ ਵੀ ਇਸ ਮੁੱਦੇ ਉੱਤੇ ਹਰਿਆਣਾ ਦੇ ਹਿੱਤਾਂ ਦੇ ਕਾਰਨ ਲਗਾਤਾਰ ਪੰਜਾਬ ਦੇ ਉਲਟ ਸਟੈਂਡ ਲੈਣ ਲਈ ਜੋਸ਼ ਵਿੱਚ ਰਹਿੰਦੇ ਹਨ। ਇਸ ਕਾਰਨ ਭਾਜਪਾ ਕੋਈ ਪਰੇਸ਼ਾਨੀ ਨਹੀਂ ਲੈਣਾ ਚਾਹੁੰਦੀ, ਕਿਉਂਕਿ ਉਸ ਦੀ ਰਾਜ ਸਰਕਾਰ ਨੇ ਐੱਸ ਵਾਈ ਐੱਲ ਨਹਿਰ ਦਾ ਮੁੱਦਾ ਕਾਫੀ ਜ਼ੋਰ ਨਾਲ ਚੁੱਕਿਆ ਹੋਇਆ ਹੈ। ਉਹ ਪੰਜਾਬ ਦੇ ਖਿਲਾਫ ਸੁਪਰੀਮ ਕੋਰਟ ਦੇ ਫ਼ੈਸਲੇ ਉੱਤੇ ਅਮਲ ਕਰਾਉਣ ਲਈ ਲਗਾਤਾਰ ਕੇਂਦਰ ਨੂੰ ਅਪੀਲ ਕਰ ਰਹੀ ਹੈ।

ਦੂਸਰੇ ਪਾਸੇ ਪੰਜਾਬ ਸਰਕਾਰ ਜਦੋਂ ਸੁਪਰੀਮ ਕੋਰਟ ਦੇ ਇਸ ਫੈਸਲੇ ਉੱਤੇ ਟਾਲ-ਮਟੋਲ ਕਰ ਰਹੀ ਹੈ ਤਾਂ ਅਕਾਲੀ ਦਲ ਇਸ ਵਿੱਚ ਸ਼ਾਮਲ ਹੈ। ਇਨੈਲੋ ਪਾਰਟੀ ਨੇ ਵੀ ਇਸੇ ਕਾਰਨ ਅਕਾਲੀ ਦਲ ਨਾਲ ਕਈ ਸਾਲਾਂ ਦੇ ਚਲੇ ਆਏ ਸਿਆਸੀ ਸਬੰਧ ਤੋੜ ਲਏ ਹਨ। ਸਾਲ 2014 ਵਿਚ ਅਕਾਲੀ ਦਲ ਅਤੇ ਇਨੈਲੋ ਨੇ ਵਿਧਾਨ ਸਭਾ ਚੋਣ ਮਿਲ ਕੀ ਲੜੀ ਸੀ ਤੇ ਓਦੋਂ ਬਲਕੌਰ ਸਿੰਘ ਅਕਾਲੀ ਦਲ ਵੱਲੋਂ ਇਨੈਲੋ ਦੀ ਮਦਦ ਨਾਲ ਹੀ ਵਿਧਾਇਕ ਬਣੇ ਸਨ। ਬੀਤੇ ਵੀਰਵਾਰ ਨਵੀਂ ਦਿੱਲੀ ਵਿੱਚ ਬਲਕੌਰ ਸਿੰਘ ਨੂੰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ ਹੈ।

# ਧਾਰਾ 370 ਨਾਲ ਜੁੜੀਆਂ ਪਟੀਸ਼ਨਾਂ ਉੱਤੇ ਪਹਿਲੀ ਅਕਤੂਬਰ ਤੋਂ ਸੁਣਵਾਈ ਹੋਵੇਗੀ




ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਤੋਂ ਧਾਰਾ 370 ਦੀਆਂ ਜ਼ਿਆਦਾਤਰ ਮੱਦਾਂ ਨੂੰ ਖਤਮ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਲਈ ਸੁਪਰੀਮ ਕੋਰਟ ਦੇ ਪੰਜ ਜੱਜਾਂ ਦਾ ਸੰਵਿਧਾਨਕ ਬੈਂਚ ਬਣਾਇਆ ਗਿਆ ਹੈ। ਇਸ ਦੀ ਸੁਣਵਾਈ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਵੇਗੀ। ਬੈਂਚ ਦੀ ਅਗਵਾਈ ਜਸਟਿਸ ਐੱਨ ਵੀ ਰਮੰਨਾ ਕਰਨਗੇ, ਜਿਸ ਵਿੱਚ ਜਸਟਿਸ ਐੱਸ ਕੇ ਕੌਲ, ਜਸਟਿਸ ਆਰ ਸੁਭਾਸ਼ ਰੈਡੀ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰਿਆਕਾਂਤ ਸ਼ਾਮਲ ਕੀਤੇ ਗਏ ਹਨ।

ਸਰਕਾਰੀ ਸੂਤਰਾਂ ਮੁਤਾਬਕ ਧਾਰਾ 370 ਦੀਆਂ ਜ਼ਿਆਦਾਤਰ ਮਦਾਂ ਖਤਮ ਕਰਨ ਅਤੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਰਾਜਾਂ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਵੰਡਣ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਬਾਰੇ ਕਈ ਪਟੀਸ਼ਨਾਂ ਦਾਖਲ ਕੀਤੀਆਂ ਗਈਆਂ ਹਨ। ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਕੇਂਦਰ ਸ਼ਾਸਿਤ ਸੂਬਾ ਬਣਾਉਣ ਦਾ ਫੈਸਲਾ 31 ਅਕਤੂਬਰ ਤੋਂ ਅਮਲ ਵਿੱਚ ਆ ਜਾਵੇਗਾ ਅਤੇ ਇਹ ਬੈਂਚ ਅਗਲੇ ਮਹੀਨੇ ਤੋਂ ਇਸ ਬਾਰੇ ਸੁਣਵਾਈ ਸ਼ੁਰੂ ਕਰੇਗਾ। ਵਰਨਣ ਯੋਗ ਹੈ ਕਿ ਸੱਜਾਦ ਲੋਨ ਦੀ ਅਗਵਾਈ ਵਾਲੀ ਪੀਪਲਜ਼ ਕਾਨਫਰੰਸ, ਨੈਸ਼ਨਲ ਕਾਨਫਰੰਸ, ਸਾਬਕਾ ਅਧਿਕਾਰੀ ਫੈਜ਼ਲ ਅਤੇ ਕਈ ਹੋਰ ਸੇਵਾਮੁਕਤ ਅਧਿਕਾਰੀਆਂ ਅਤੇ ਉਨ੍ਹਾਂ ਨਾਲ ਜੁੜੇ ਸੰਗਠਨਾਂ ਨੇ ਪਟੀਸ਼ਨਾਂ ਦਾਖਲ ਕੀਤੀਆਂ ਹਨ। ਸਭ ਤੋਂ ਪਹਿਲੀ ਪਟੀਸ਼ਨ ਵਕੀਲ ਐੱਮ ਐੱਲ ਸ਼ਰਮਾ ਨੇ ਦਾਖਲ ਕੀਤੀ ਹੈ। ਇਸ ਦੇ ਨਾਲ ਹੀ ਧਾਰਾ 370 ਤੋਂ ਇਲਾਵਾ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਦੇ ਕੇਸਾਂ ਦੀ ਸੁਣਵਾਈ ਲਈ ਤਿੰਨ ਜੱਜਾਂ ਦਾ ਬੈਂਚ ਵੀ ਬਣਾਇਆ ਅਤੇ ਦੋ ਹੋਰ ਬੈਂਚ ਵੀ ਗਠਿਤ ਕੀਤੇ ਹਨ ਜਿਹੜੇ ਟੈਕਸ ਸੰਬੰਧੀ ਮਾਮਲਿਆਂ ਦੀ ਸੁਣਵਾਈ ਕਰਨਗੇ। ਇਨ੍ਹਾਂ ਬੈਂਚਾਂ ਵਿੱਚ ਦੋ-ਦੋ ਜੱਜ ਹੋਣਗੇ।

# ਹੇਮਕੁੰਟ ਸਾਹਿਬ ਜਾਂਦੇ ਪੰਜਾਬ ਦੇ ਛੇ ਸ਼ਰਧਾਲੂਆਂ ਦੀ ਹਾਦਸੇ ਵਿੱਚ ਮੌਤ



ਨਵੀਂ ਟਹਿਰੀ (ਉਤਰਾਖੰਡ), 29 ਸਤੰਬਰ (ਪੋਸਟ ਬਿਊਰੋ)- ਉਤਰਾਖੰਡ ਦੇ ਟੀਹਰੀ ਜ਼ਿਲ੍ਹੇ 'ਚ ਕੱਲ੍ਹ ਭਾਰੀ ਬਾਰਿਸ਼ ਅਤੇ ਤਿਲਕਣ ਦੇ ਕਾਰਨ ਭਾਰੀ ਢਿੱਗ ਦੇ ਮਲਬੇ ਹੇਠ ਆਉਣ ਨਾਲ ਮੋਹਾਲੀ ਤੋਂ ਹੇਮਕੁੰਟ ਸਾਹਿਬ ਦਰਸ਼ਨ ਲਈ ਚੱਲੇ ਪੰਜਾਬ ਦੇ ਛੇ ਸ਼ਰਧਾਲੂਆਂ ਦੀ ਮੌਤ ਹੋ ਗਈ ਤੇ ਚਾਰ ਜ਼ਖਮੀ ਹੋ ਗਏ ਹਨ।

ਟੀਹਰੀ ਦੇ ਡੀ ਐੱਸ ਪੀ ਪ੍ਰਮੋਦ ਸ਼ਾਹ ਨੇ ਦੱਸਿਆ ਕਿ ਇਹ ਹਾਦਸਾ ਰਿਸ਼ੀਕੇਸ-ਬਰਦਵਾਨ ਮਾਰਗ 'ਤੇ ਤੀਨ ਧਾਰਾ ਨੇੜੇ ਵਾਪਰਿਆ। ਉਨ੍ਹਾ ਦੱਸਿਆ ਕਿ ਸ਼ਰਧਾਲੂਆਂ ਦੇ ਟੈਂਪੂ ਟਰੈਵਲਰ 'ਤੇ ਭਾਰੀ ਢਿੱਗ ਡਿੱਗਣ ਨਾਲ ਪੰਜ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਇੱਕ ਹਸਪਤਾਲ ਜਾ ਕੇ ਦਮ ਤੋੜ ਗਿਆ। ਹਾਦਸੇ ਵਿੱਚ ਜ਼ਖਮੀ ਹੋਏ ਚਾਰ ਹੋਰਨਾਂ ਦਾ ਹਸਪਤਾਲ ਵਿੱਚ ਇਲਾਜ ਜਾਰੀ ਹੈ। ਹਾਦਸੇ ਦੇ ਮ੍ਰਿਤਕਾਂ ਦੀ ਪਛਾਣ ਜਸਪਾਲ ਸਿੰਘ, ਸੁਰਿੰਦਰ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਜਤਿੰਦਰ ਪਾਲ ਤੇ ਡਰਾਈਵਰ ਲਵਲੀ ਵਜੋਂ ਦੱਸੀ ਹੈ।

# ਭ੍ਰਿਸ਼ਟਾਚਾਰ ਦਾ ਕੇਸ ਬਣਨ ਦੇ ਨਾਲ ਹੀ ਸ਼ਰਦ ਪਵਾਰ ਦਾ ਭਤੀਜਾ ਖਿਸਕ ਗਿਆ

ਮੁੰਬਈ, 29 ਸਤੰਬਰ, (ਪੋਸਟ ਬਿਊਰੋ)- ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਦੇ ਭਤੀਜੇ ਤੇ ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਅੱਜ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾ ਨੇ ਆਪਣਾ ਅਸਤੀਫਾ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਹਰੀਭਾਊ ਬਾਗੜੇ ਨੂੰ ਭੇਜਿਆ ਹੈ ਅਤੇ ਸਪੀਕਰ ਨੇ ਮਨਜ਼ੂਰ ਵੀ ਕਰ ਲਿਆ ਹੈ। ਅਜੀਤ ਪਵਾਰ ਨੇ ਅਸਤੀਫਾ ਦੇਣ ਦਾ ਕਾਰਨ ਨਹੀਂ ਦੱਸਿਆ, ਪਰ ਰਾਜਸੀ ਗਲਿਆਰਿਆਂ ਵਿੱਚ ਇਸ ਬਾਰੇ ਅਟਕਲਾਂ ਤੇਜ਼ ਹੋ ਗਈਆਂ ਹਨ ਕਿ ਉਹ ਭਾਜਪਾ ਵਿੱਚ ਜਾਣ ਵਾਲੇ ਹਨ।

ਵਰਨਣ ਯੋਗ ਹੈ ਕਿ ਅਜੀਤ ਪਵਾਰ ਨੇ ਅਸਤੀਫਾ ਉਦੋਂ ਦਿੱਤਾ ਹੈ, ਜਦੋਂ ਮਹਾਰਾਸ਼ਟਰ ਦੀ ਵਿਧਾਨ ਸਭਾ ਚੋਣ ਦਾ ਐਲਾਨ ਹੋ ਚੁੱਕਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਚਾਚਾ ਸ਼ਰਦ ਪਵਾਰ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਦੀ ਖਬਰ ਆ ਚੁੱਕੀ ਹੈ। ਇਸ ਕਾਰਨ ਚਰਚਾ ਹੈ ਕਿ ਅਜੀਤ ਪਵਾਰ ਆਪਣੇ ਚਾਚਾ ਸ਼ਰਦ ਪਵਾਰ ਦੇ ਖਿਲਾਫ ਬਗਾਵਤ ਕਰਨ ਲੱਗੇ ਹਨ ਜਾਂ ਉਨ੍ਹਾ ਨੇ ਬੈਂਕ ਘਪਲੇ ਕਾਰਨ ਅਸਤੀਫਾ ਦਿੱਤਾ ਹੈ। ਕਰੀਬ 25000 ਕਰੋੜ ਰੁਪਏ ਦੇ ਮਹਾਰਾਸ਼ਟਰ ਸਟੇਟ ਕੋ-ਆਪਰੇਟਿਵ ਬੈਂਕ ਵਿੱਚ ਦੋਸ਼ੀ ਵਜੋਂ 70 ਤੋਂ ਵੱਧ ਜਿਹੜੇ ਲੋਕਾਂ ਦਾ ਨਾਂ ਹੈ ਉਨ੍ਹਾਂ ਵਿੱਚ ਅਜੀਤ ਪਵਾਰ ਵੀ ਹੈ ਤੇ ਇਸ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ਰਦ ਪਵਾਰ ਦੇ ਖਿਲਾਫ ਵੀ ਸ਼ਿਕਾਇਤ ਦਰਜ ਕੀਤੀ ਹੈ। ਸ਼ਰਦ ਪਵਾਰ ਕਹਿ ਚੁੱਕੇ ਹਨ ਕਿ ਉਹ ਕਦੇ ਇਸ ਬੈਂਕ ਦੇ ਡਾਇਰੈਕਟਰ ਜਾਂ ਕਿਸੇ ਅਹੁਦੇ ਉੱਤੇ ਨਹੀਂ ਰਹੇ। ਅਜੀਤ ਪਵਾਰ ਇਸ ਬੈਂਕ ਦੇ ਡਾਇਰੈਕਟਰ ਰਹਿ ਚੁੱਕੇ ਸਨ, ਇਸ ਲਈ ਸ਼ਾਇਦ ਇਸੇ ਲਈ ਅਸਤੀਫਾ ਦਿੱਤਾ ਹੋਵੇ। ਪਹਿਲਾਂ ਸਿੰਜਾਈ ਘਪਲੇ ਵਿੱਚ ਵੀ ਅਜੀਤ ਪਵਾਰ ਦਾ ਨਾਂ ਆਉਣ ਦੇ ਨਾਲ ਉਨ੍ਹਾਂ ਨੂੰ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦਾ ਅਹੁਦਾ ਛੱਡਣਾ ਪਿਆ ਸੀ।

# ਪ੍ਰਦੂਸ਼ਣ ਉੱਤੇ ਸੁਪਰੀਮ ਕੋਰਟ ਦੇ ਹੁਕਮ ਨਹੀਂ ਮੰਨ ਰਹੇ 23 ਸੂਬੇ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਪ੍ਰਦੂਸ਼ਣ ਫੈਲਣ 'ਤੇ ਨਿਗਰਾਨੀ ਲਈ ਵਾਹਨ ਡਾਟਾਬੇਸ ਉੱਤੇ ਪੀ ਯੂ ਸੀ ਸਰਟੀਫਿਕੇਟ ਦੀ ਡਾਟਾ ਵਾਹਨ ਡਾਟਾ-ਬੇਸ 'ਤੇ ਅਪਲੋਡ ਕਰਨ ਲਈ ਅਗਸਤ 2018 ਵਿੱਚ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਸਨ, ਜਿਨ੍ਹਾਂ ਦਾ 23 ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਲਣ ਨਹੀਂ ਕਰ ਰਹੇ। ਇਹ ਖੁਲਾਸਾ ਸੜਕ ਟਰਾਂਸਪੋਰਟ ਮੰਤਰਾਲੇ ਦੇ ਇੱਕ ਨੋਟੀਫਿਕੇਸ਼ਨ ਤੋਂ ਹੋਇਆ ਹੈ। ਮੰਤਰ-ਾਲੇ ਨੇ ਇਨ੍ਹਾਂ ਹੁਕਮਾਂ ਦਾ ਪਾਲਣ ਕਰਨ ਲਈ ਰਾਜਾਂ ਨੂੰ ਰਿਮਾਈਂਡਰ ਭੇਜਿਆ ਹੈ। ਐੱਮ ਸੀ ਮਹਿਤਾ ਬਨਾਮ ਕੇਂਦਰ ਸਰਕਾਰ ਦੇ ਕੇਸ ਵਿੱਚ ਸੁਣਵਾਈ ਵੇਲੇ ਸੁਪਰੀਮ ਕੋਰਟ ਨੇ ਸੜਕ ਟਰਾਂਸਪੋਰਟ ਮੰਤਰਾਲੇ ਨੂੰ ਹੁਕਮ ਦਿੱਤਾ ਸੀ ਕਿ ਵਾਹਨ ਡਾਟਾਬੇਸ ਉੱਤੇ ਸਾਰੇ ਸੈਂਟਰਾਂ ਤੋਂ ਜਾਰੀ ਪ੍ਰਦੂਸ਼ਣ ਅੰਡਰ ਕੰਟਰੋਲ (ਪੀ ਯੂ ਸੀ) ਸਰਟੀਫਿਕੇਟ ਦਾ ਡਾਟਾ ਅਪਲੋਡ ਕਰਨਾ ਯਕੀਨੀ ਕੀਤਾ ਜਾਏ। ਇਸ ਬਾਰੇ ਸੜਕ ਟਰਾਂਸਪੋਰਟ ਮੰਤਰਾਲੇ ਨੇ ਸਾਰੇ ਰਾਜਾਂ ਨੂੰ ਇੱਕ ਅਕਤੂਬਰ 2018 ਨੂੰ ਐਡਵਾਈਜ਼ਰੀ ਜਾਰੀ ਕੀਤੀ ਸੀ। ਫਿਰ ਮੰਤਰਾਲੇ ਨੇ ਕੌਮੀ ਰਾਜਧਾਨੀ ਖੇਤਰ ਦਿੱਲੀ ਨੂੰ ਇੱਕ ਜੂਨ 2018, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਨੂੰ ਇੱਕ ਅਕਤੂਬਰ 2018 ਅਤੇ ਹੋਰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇੱਕ ਅਪ੍ਰੈਲ 2019 ਤੋਂ ਇਹੋ ਜਿਹੇ ਪੀ ਯੂ ਸੀ ਸਰਟੀਫਿਕੇਟ ਜਾਰੀ ਕਰਨ ਦਾ ਡਾਟਾ ਵਾਹਨ ਡਾਟਾਬੇਸ ਉੱਤੇ ਅਪਲੋਡ ਕਰਨ ਨੂੰ ਕਿਹਾ ਸੀ। ਜਿਹੜੇ ਰਾਜ ਅਜੇ ਤੱਕ ਪੀ ਯੂ ਸੀ ਸਰਟੀਫਿਕੇਟ ਦਾ ਡਾਟਾ ਅਪਲੋਡ ਨਹੀਂ ਕਰਦੇ, ਉਨ੍ਹਾਂ ਵਿੱਚ ਅੰਡੇਮਾਨ ਨੀਕੋਬਾਰ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਆਸਾਮ, ਛੱਤੀਸਗੜ੍ਹ, ਦਮਨ ਅਤੇ ਦੀਵ, ਦਿੱਲੀ, ਦਾਦਰਾ ਤੇ ਨਗਰ ਹਵੇਲੀ, ਗੋਆ, ਜੰਮੂ-ਕਸ਼ਮੀਰ, ਕਰਨਾਟਕ, ਕੇਰਲਾ, ਮੇਘਾਲਿਆ, ਮਣੀਪੁਰ, ਮੱਧ ਪ੍ਰਦੇਸ਼, ਮਿਜ਼ੋਰਮ, ਨਾਗਾਲੈਂਡ, ਪੰਜਾਬ, ਪੁੱਡੂਚੇਰੀ, ਰਾਜਸਥਾਨ, ਸਿੱਕਮ, ਤ੍ਰਿਪੁਰਾ ਅਤੇ ਤੇਲੰਗਾਨਾ ਸ਼ਾਮਲ ਹਨ। ਬਿਹਾਰ, ਚੰਡੀਗੜ੍ਹ, ਗੁਜਰਾਤ, ਹਿਮਾ-ਚਲ ਪ੍ਰਦੇਸ਼, ਹਰਿਆਣਾ ਡਾਟਾ ਅਪਲੋਡ ਕਰ ਰਹੇ ਹਨ।




# ਪਾਕਿ ਦੀ ਮਨੁੱਖੀ ਅਧਿਕਾਰ ਵਰਕਰ ਗੁਲਾਲਾਈ ਨੇ ਪਾਕਿ ਫੌਜ ਦੇ ਜ਼ੁਲਮ ਜ਼ਾਹਰ ਕੀਤੇ




ਨਿਊ ਯਾਰਕ, 29 ਸਤੰਬਰ (ਪੋਸਟ ਬਿਊਰੋ)- ਆਪਣੀ ਜਾਨ ਬਚਾ ਕੇ ਅਮਰੀਕਾ ਭੱਜ ਕੇ ਆਈ ਪਾਕਿਸਤਾਨ ਦੀ ਮਹਿਲਾ ਮਨੁੱਖੀ ਅਧਿਕਾਰ ਵਰਕਰ ਗੁਲਾਲਾਈ ਇਸਮਾਈਲ ਨੇ ਆਪਣੇ ਦੇਸ਼ ਦੀ ਸਰਕਾਰ ਦਾ ਦੋਹਰਾ ਚਿਹਰਾ ਬੇਨਕਾਬ ਕੀਤਾ ਤੇ ਪਾਕਿਸਤਾਨ 'ਚ ਘੱਟ ਗਿਣਤੀਆਂ ਉਤੇ ਫੌਜ ਵੱਲੋਂ ਢਾਹੇ ਜਾਂਦੇ ਜ਼ੁਲਮਾਂ ਦੀ ਪੋਲ ਖੋਲ੍ਹੀ ਹੈ।

ਗੁਲਾਲਾਈ ਇਸਮਾਈਲ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਅੱਤਵਾਦ ਵਿਰੁੱਧ ਲੜਾਈ ਬਹਾਨੇ ਘੱਟ ਗਿਣਤੀਆਂ ਨੂੰ ਹਜ਼ਾਰਾਂ ਲੋਕਾਂ ਨੂੰ ਮਾਰ ਦਿੱਤਾ ਗਿਆ ਹੈ। ਉਸ ਨੇ ਮਨੁੱਖੀ ਅਧਿਕਾਰ ਉਲੰਘਣਾ ਬਾਰੇ ਆਪਣੇ ਮੁਲਕ ਦੇ ਦੋਹਰੇ ਚਰਿੱਤਰ ਨੂੰ ਓਦੋਂ ਬੇਨਕਾਬ ਕੀਤਾ, ਜਦੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਕਸ਼ਮੀਰ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦਾ ਭਾਸ਼ਣ ਕਰਦੇ ਪਏ ਹਨ। ਨਿਊ ਯਾਰਕ ਵਿੱਚ ਯੂ ਐੱਨ ਹੈੱਡਕੁਆਰਟਰ ਦੇ ਬਾਹਰ ਸ਼ੁੱਕਰਵਾਰ ਇਮਰਾਨ ਖਾਨ ਵਿਰੁੱਧ ਕੀਤੇ ਗਏ ਪ੍ਰਦਰਸ਼ਨ ਦੌਰਾਨ ਇਸਮਾਈਲ ਨੇ ਕਿਹਾ, ਪਾਕਿਸਤਾਨ ਵਿੱਚ ਅੱਤਵਾਦ ਨੂੰ ਖਤਮ ਕਰਨ ਦੇ ਨਾਂਅ ਉੱਤੇ ਕਈ ਬੇਕਸੂਰ ਪਸ਼ਤੂਨ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਹਜ਼ਾਰਾਂ ਲੋਕਾਂ ਨੂੰ ਪਾਕਿਸਤਾਨ ਫੌਜ ਨੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਹੈ। ਸਾਡੀ ਮੰਗ ਹੈ ਕਿ ਪਾਕਿਸਤਾਨ ਦੀ ਫੌਜ ਮਨੁੱਖੀ ਅਧਿਕਾਰਾਂ ਦਾ ਘਾਣ ਕਰਨਾ ਬੰਦ ਕਰ ਦੇਵੇ ਅਤੇ ਕੈਦੀਆਂ ਨੂੰ ਰਿਹਾਅ ਕਰੇ। ਇਸ ਪ੍ਰਦਰਸ਼ਨ ਵਿੱਚ ਕਈ ਮਨੁੱਖੀ ਅਧਿਕਾਰ ਵਰਕਰਾਂ ਸਮੇਤ ਵੱਡੀ ਗਿਣਤੀ ਵਿੱਚ ਪਾਕਿਸਤਾਨ 'ਚ ਰਹਿਣ ਵਾਲੇ ਘੱਟ ਗਿਣਤੀ ਭਾਈਚਾਰੇ ਦੇ ਲੋਕ ਸ਼ਾਮਲ ਸਨ।

ਇਸਮਾਈਲ ਨੇ ਪਿਛਲੇ ਦਿਨੀਂ ਇੱਕ ਇੰਟਰਵਿਊ 'ਚ ਦੱਸਿਆ ਸੀ ਕਿ ਉਹ ਕਰੀਬ ਛੇ ਮਹੀਨੇ ਤੱਕ ਪਾਕਿਸਤਾਨ ਵਿੱਚ ਲੁਕ ਕੇ ਰਹੀ ਅਤੇ ਆਪਣੇ ਕੁਝ ਦੋਸਤਾਂ ਦੀ ਮਦਦ ਨਾਲ ਸ੍ਰੀਲੰਕਾ ਦੇ ਰਸਤੇ ਪਿਛਲੇ ਮਹੀਨੇ ਅਮਰੀਕਾ ਪੁੱਜੀ ਹੈ। ਨਿਊ ਯਾਰਕ ਦੇ ਬਰੁਕਲਿਨ ਵਿੱਚ ਆਪਣੀ ਭੈਣ ਦੇ ਘਰ ਠਹਿਰੀ ਹੋਈ ਇਸਮਾਈਲ (32) ਨੇ ਅਮਰੀਕਾ 'ਚ ਸਿਆਸੀ ਸ਼ਰਨ ਲਈ ਅਰਜ਼ੀ ਦਿੱਤੀ ਹੈ। ਉਹ ਪਾਕਿਸਤਾਨ ਦੇ ਦਮਨ ਦਾ ਸ਼ਿਕਾਰ ਹੋਏ ਕਈ ਘੱਟ ਗਿਣਤੀ ਭਾਈਚਾਰਿਆਂ ਲਈ ਉਮੀਦ ਦਾ ਨਵਾਂ ਚਿਹਰਾ ਬਣ ਕੇ ਉਭਰੀ ਹੈ।

ਇਸ ਦੌਰਾਨ ਪਾਕਿਸਤਾਨ 'ਚ ਮੁਹਾਜ਼ਰਾਂ ਤੇ ਘੱਟ ਗਿਣਤੀਆਂ 'ਤੇ ਹੁੰਦੇ ਜ਼ੁਲਮਾਂ ਖਿਲਾਫ ਮੁੱਤਾਹਿਦਾ ਕੌਮੀ ਮੂਵਮੈਂਟ (ਐੱਮ ਕਿਊ ਐੱਮ) ਨੇ ਵੀ ਬੀਤੇ ਸ਼ੁੱਕਰਵਾਰ ਯੂ ਐੱਨ ਹੈਡਕੁਆਰਟਰ ਨੇੜੇ ਵਿਰੋਧ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਵੀ ਉਸ ਸਮੇਂ ਕੀਤਾ ਗਿਆ, ਜਦੋਂ ਪਾਕਿਸਾਤਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਯੂ ਐੱਨ ਜਨਰਲ ਅਸੈਂਬਲੀ ਵਿੱਚ ਬੋਲ ਰਹੇ ਸਨ। ਇਸ ਵਿੱਚ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਲੋਕ ਸ਼ਾਮਲ ਹੋਏ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਐੱਮ ਕਿਊ ਐੱਮ ਦੇ ਝੰਡੇ, ਪੋਸਟਰ ਤੇ ਸੰਗਠਨ ਦੇ ਸੰਸਥਾਪਕ ਅਲਤਾਫ ਹੁਸੈਨ ਦੀਆਂ ਤਸਵੀਰਾਂ ਵੀ ਫੜੀਆਂ ਸਨ। ਪੋਸਟਰ 'ਤੇ ਪਾਕਿਸਤਾਨ ਖਿਲਾਫ ਨਾਅਰੇ ਤੇ ਕਰਾਚੀ ਸਮੇਤ ਸਿੰਧ ਸੂਬੇ 'ਚ ਜਾਰੀ ਮਨੁੱਖੀ ਅਧਿਕਾਰ ਉਲੰਘਣਾ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਸੀ। ਪ੍ਰਦਰਸ਼ਨ ਦੇ ਪ੍ਰਬੰਧਕ ਰੇਹਾਨ ਇਬਾਦਤ ਤੇ ਦੂਜੇ ਆਗੂਆਂ ਨੇ ਕਿਹਾ ਕਿ ਪਾਕਿਸਤਾਨ ਨੇ ਅਣ-ਐਲਾਨੇ ਤੌਰ 'ਤੇ ਦੇਸ਼ ਵਿੱਚ ਮਾਰਸ਼ਲ ਲਾਅ ਲਾਗੂ ਕੀਤਾ ਹੋਇਆ ਹੈ।

# ਯੂ ਐੱਨ ਸੈਸ਼ਨ: ਭਾਰਤ ਨੇ ਦੁਨੀਆ ਨੂੰ ਯੁੱਧ ਨਹੀਂ, ਬੁੱਧ ਦਿੱਤੇ ਨੇ : ਮੋਦੀ



ਨਿਊਯਾਰਕ, 29 ਸਤੰਬਰ, (ਪੋਸਟ ਬਿਊਰੋ)- ਯੂ ਐੱਨ ਜਨਰਲ ਅਸੈਂਬਲੀ ਦਾ 74ਵਾਂ ਸੈਸ਼ਨ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਅੱਜ ਸ਼ੁਰੂ ਹੋ ਗਿਆ ਹੈ। ਇਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸੈਸ਼ਨ ਨੂੰ ਉਸ ਵੇਲੇ ਸੰਬੋਧਨ ਕੀਤਾ, ਜਦੋਂ ਕਰੋੜਾਂ ਭਾਰਤੀਆਂ ਦੇ ਨਾਲ ਸਾਰੀ ਦੁਨੀਆ ਦੇ ਨੇਤਾਵਾਂ ਦੀਆਂ ਨਜ਼ਰਾਂ ਇਸ ਸੈਸ਼ਨ ਵੱਲ ਟਿਕੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਦੁਨੀਆ ਨੂੰ ਯੁੱਧ ਨਹੀਂ, ਬੁੱਧ ਦਿੱਤੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂ ਐੱਨ ਜਨਰਲ ਅਸੈਂਬਲੀ ਵਿੱਚ ਕਿਹਾ ਕਿ ਭਾਰਤ ਦਾ ਸੱਭਿਆਚਾਰ ਹਜ਼ਾਰਾਂ ਸਾਲ ਪੁਰਾਣਾ ਹੈ, ਜਿਸ ਦੀਆਂ ਆਪਣੀਆਂ ਰਸਮਾਂ ਹਨ, ਜਿਹੜੀਆਂ ਸੰਸਾਰ ਦੇ ਸੁਪਨਿਆਂ ਨੂੰ ਆਪਣੇ ਵਿਚ ਸਮੇਟ ਕੇ ਚੱਲ ਰਹੀਆਂ ਹਨ। ਸਾਡੇ ਸੰਸਕਾਰ ਤੇ ਸਾਡਾ ਸੱਭਿਆਚਾਰ ਹਰ ਜੀਵ ਵਿਚ ਸ਼ਿਵ ਨੂੰ ਦੇਖਦਾ ਹੈ। ਅਸੀਂ ਉਸ ਦੇਸ਼ ਦੇ ਵਾਸੀ ਹਾਂ, ਜਿਨ੍ਹਾਂ ਨੇ ਦੁਨੀਆ ਨੂੰ ਯੁੱਧ ਨਹੀਂ ਦਿੱਤੇ, ਬੁੱਧ ਦਿੱਤੇ ਹਨ, ਸ਼ਾਂਤੀ ਦਾ ਸੰਦੇਸ਼ ਦਿੱਤਾ ਹੈ। ਭਾਰਤ ਸਰਕਾਰ ਅਗਲੇ ਪੰਜ ਸਾਲਾਂ ਵਿਚ ਜਲ ਸੁਰੱਖਿਆ ਨੂੰ ਹੁੰਗਾਰਾ ਦੇਣ ਦੇ ਨਾਲ 15 ਕਰੋੜ ਘਰਾਂ ਨੂੰ ਪਾਣੀ ਦੀ ਸਪਲਾਈ ਨਾਲ ਜੋੜਨ ਵਾਲੀ ਹੈ ਅਤੇ ਸਾਲ 2022 ਵਿਚ ਜਦੋਂ ਭਾਰਤ ਆਪਣੀ ਆਜ਼ਾਦੀ ਦੇ 75 ਸਾਲ ਦਾ ਉਤਸਵ ਮਨਾਏਗਾ, ਉਦੋਂ ਤੱਕ ਗਰੀਬਾਂ ਲਈ ਦੋ ਕਰੋੜ ਹੋਰ ਘਰਾਂ ਦੀ ਉਸਾਰੀ ਕਰਨ ਵਾਲੇ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਭਾਵੇਂ ਸਾਲ 2030 ਤੱਕ ਮਨੁੱਖਤਾ ਨੂੰ ਟੀ ਬੀ ਦੇ ਰੋਗ ਤੋਂ ਮੁਕਤ ਕਰਨ ਦਾ ਟਾਰਗੇਟ ਰੱਖ ਰਹੀ ਹੈ, ਭਾਰਤ ਵਿਚ ਅਸੀਂ ਦੇਸ਼ ਨੂੰ 2025 ਤੱਕ ਟੀ ਬੀ ਮੁਕਤ ਕਰਨ ਦਾ ਇਰਾਦਾ ਲੈ ਕੇ ਚੱਲ ਰਹੇ ਹਾਂ। ਉਨ੍ਹਾ ਕਿਹਾ ਕਿ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਚੋਣ ਇਸ ਸਾਲ ਭਾਰਤ ਵਿੱਚ ਹੀ ਹੋਈ ਹੈ। ਉਨ੍ਹਾ ਭਾਰਤ ਵਿੱਚ ਚੱਲ ਰਹੀ ਸਵੱਛਤਾ ਮੁਹਿੰਮ ਨੂੰ ਦੁਨੀਆ ਦੇ ਲਈ ਪ੍ਰੇਰਕ ਦੱਸਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਣ ਸੁਣਨ ਲਈ ਵੱਡੀ ਗਿਣਤੀ ਵਿਚ ਲੋਕ ਯੂ ਐਨ ਪਹੁੰਚੇ ਹੋਏ ਸਨ।

# ਯੂ ਐੱਨ ਸੈਸ਼ਨ ਵਿੱਚ ਇਮਰਾਨ ਖਾਨ ਨੇ ਕਸ਼ਮੀਰ ਸਣੇ ਚਾਰ ਮੁੱਦੇ ਉਭਾਰੇ



ਨਿਊਯਾਰਕ, 29 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਯੂ ਐੱਨ ਓ ਜਨਰਲ ਅਸੈਂਬਲੀ ਦੇ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਚਾਰ ਮੁੱਦਿਆਂ ਨੂੰ ਉਭਾਰਿਆ ਹੈ।

ਇਮਰਾਨ ਖਾਨ ਨੇ ਸਭ ਤੋਂ ਪਹਿਲਾਂ ਜਲਵਾਯੂ ਪਰਿਵਰਤਨ ਦਾ ਮੁੱਦਾ ਚੁੱਕਿਆ ਅਤੇ ਕਿਹਾ ਕਿ ਦੁਨੀਆ ਲਈ ਇਹ ਸਭ ਤੋਂ ਵੱਡੀ ਸਮੱਸਿਆ ਹੈ, ਜਿਸ ਬਾਰੇ ਦੁਨੀਆ ਨੂੰ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਪਾਕਿਸਤਾਨ ਵਿੱਚ ਇਸ ਦੇ ਹੱਲ ਲਈ ਕਈ ਰੁਖ ਲਾਏ ਹੋਣ ਦਾ ਜ਼ਿਕਰ ਵੀ ਕੀਤਾ। ਦੂਸਰਾ ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਪੈਸਾ ਉਨ੍ਹਾਂ ਦੇ ਦੇਸ਼ ਤੇ ਆਰਥਿਕ ਤੰਗੀ ਝੱਲ ਰਹੇ ਹੋਰ ਦੇਸ਼ਾਂ ਲਈ ਖਤਰਾ ਹੈ। ਇਸ ਨਾਲ ਅਮੀਰ ਦੇਸ਼ ਅਮੀਰ ਤੇ ਗਰੀਬ ਦੇਸ਼ ਹੋਰ ਗਰੀਬ ਹੋ ਰਹੇ ਹਨ ਅਤੇ ਗਰੀਬ ਦੇਸ਼ਾਂ ਵਿੱਚ ਮੌਤਾਂ ਦੀ ਗਿਣਤੀ ਵਧ ਰਹੀ ਹੈ, ਕਿਉਂਕਿ ਦੇਸ਼ ਦਾ ਵਧੇਰੇ ਪੈਸਾ ਹੋਰ ਦੇਸ਼ਾਂ ਵਿੱਚ ਚਲਾ ਜਾਂਦਾ ਹੈ। ਭ੍ਰਿਸ਼ਟ ਲੋਕਾਂ ਦਾ ਪੈਸਾ ਦੂਜੇ ਦੇਸ਼ਾਂ ਵਿੱਚ ਜਾਣ ਨਾਲ ਇਕਾਨਮੀ ਨੂੰ ਬਹੁਤ ਧੱਕਾ ਲੱਗਦਾ ਹੈ। ਇਸ ਦੇ ਲਈ ਆਈ ਐੱਮ ਐੱਫ ਅਤੇ ਯੂ ਐੱਨ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਮਨੀ ਲਾਂਡਰਿੰਗ ਰੋਕੀ ਜਾ ਸਕੇ।

ਤੀਸਰੇ ਮੁੱਦੇ ਵਜੋਂ ਇਮਰਾਨ ਖਾਨ ਨੇ ਕਿਹਾ ਕਿ ਦੁਨੀਆ ਵਿੱਚ 113 ਕਰੋੜ ਮੁਸਲਮਾਨ ਹਨ। ਇਸਲਾਮੋਫੋਬੀਆ ਇਸ ਵੇਲੇ ਦੁਨੀਆ ਲਈ ਗੰਭੀਰ ਖਤਰਾ ਹੈ। ਪੱਛਮੀ ਦੇਸ਼ਾਂ ਵਿੱਚ ਹਿਜਾਬ ਨੂੰ ਵੀ ਹਥਿਆਰ ਸਮਝਿਆ ਜਾਂਦਾ ਹੈ। ਪੱਛਮੀ ਦੇਸ਼ਾਂ ਦੇ ਆਗੂ ਇਸਲਾਮ ਨੂੰ ਅੱਤਵਾਦ ਸਮਝਦੇ ਹਨ। ਕੱਟੜਪੰਥ ਤੇ ਇਸਲਾਮ ਦਾ ਫਰਕ ਸਮਝਣ ਦੀ ਲੋੜ ਹੈ। ਅੱਤਵਾਦ ਦਾ ਧਰਮ ਨਹੀਂ ਹੁੰਦਾ। ਇਸਲਾਮੋਫੋਬੀਆ ਦੇ ਨਾਲ ਮੁਸਲਮਾਨਾਂ ਨੂੰ ਦਰਦ ਹੁੰਦਾ ਹੈ, ਮੁਸਲਮਾਨਾਂ ਨਾਲ ਵਿਤਕਰਾ ਹੁੰਦਾ ਹੈ। ਅਸੀਂ 9/11 ਤੋਂ ਬਾਅਦ ਦੁਨੀਆ ਨੂੰ ਇਹ ਸਮਝਾਉਣ ਲੱਗੇ ਹੋਏ ਹਾਂ ਕਿ ਹਰ ਮੁਸਲਮਾਨ ਅੱਤਵਾਦੀ ਨਹੀਂ ਹੋ ਸਕਦਾ, ਪਰ 9/11 ਤੋਂ ਬਾਅਦ ਹੋਏ ਹਮਲਿਆਂ ਨੂੰ ਇਸਲਾਮ ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ ਹੈ। ਇਸ ਤੋਂ ਪਹਿਲਾਂ ਤਾਮਿਲ ਟਾਈਗਰਸ ਸ੍ਰੀਲੰਕਾ ਵਿੱਚ ਆਤਮਘਾਤੀ ਹਮਲੇ ਕਰਦੇ ਰਹੇ ਹਨ, ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਕਰਦਾ, ਕਿਉਂਕਿ ਉਹ ਹਿੰਦੂ ਸਨ। ਇਸ ਦੌਰਾਨ ਇਮਰਾਨ ਨੇ ਕੁਰਾਨ ਦਾ ਵੀ ਜ਼ਿਕਰ ਕੀਤਾ।

ਬਾਅਦ ਵਿੱਚ ਇਮਰਾਨ ਖਾਨ ਨੇ ਕਸ਼ਮੀਰ ਮੁੱਦਾ ਛੋਹ ਕੇ ਕਿਹਾ ਕਿ ਉਹ ਇਸੇ ਲਈ ਇਥੇ ਹਨ। ਸਾਲ 2001 ਤੋਂ ਬਾਅਦ ਅੱਤਵਾਦ ਖਿਲਾਫ ਲੜਾਈ ਵਿੱਚ ਪਾਕਿਸਤਾਨ ਨੇ ਵੀ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਜੰਗ ਦੇ ਖਿਲਾਫ ਹਾਂ, ਸਾਲ 9/11 ਹਮਲੇ ਵਿੱਚ ਕੋਈ ਪਾਕਿਸਤਾਨੀ ਸ਼ਾਮਲ ਨਹੀਂ ਸੀ, ਇਨ੍ਹਾਂ ਹਮਲਿਆਂ ਵਿੱਚ ਤਾਲਿਬਾਨ ਅਤੇ ਅਲ ਕਾਇਦਾ ਸ਼ਾਮਲ ਸਨ, ਭਾਰਤ ਵਲੋਂ ਦੋਸ਼ ਲਾਏ ਜਾ ਰਹੇ ਹਨ ਕਿ ਪਾਕਿਸਤਾਨ ਉਸ ਦੇਸ਼ ਵਿੱਚ ਹਮਲੇ ਕਰਵਾ ਰਿਹਾ ਹੈ, ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਸ ਦੀ ਸਮੀਖਿਆ ਕੀਤੀ ਜਾਵੇ। ਉਨ੍ਹਾ ਨੇ ਕਿਹਾ ਕਿ ਮੇਰੇ ਭਾਰਤ ਵਿੱਚ ਬਹੁਤ ਸਾਰੇ ਦੋਸਤ ਹਨ ਤੇ ਮੈਨੂੰ ਭਾਰਤ ਜਾਣਾ ਪਸੰਦ ਹੈ। ਨਰਿੰਦਰ ਮੋਦੀ ਕਹਿੰਦੇ ਹਨ ਕਿ ਪਾਕਿਸਤਾਨੀ ਅੱਤਵਾਦੀ ਭਾਰਤ ਵਿੱਚ ਹਮਲੇ ਕਰਦੇ ਹਨ। ਖਾਨ ਨੇ ਇਸ ਦੌਰਾਨ ਕੁਲਭੂਸ਼ਣ ਜਾਧਵ ਦਾ ਜ਼ਿਕਰ ਕਰ ਕੇ ਕਿਹਾ ਕਿ ਉਸ ਨੂੰ ਜਾਸੂਸੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਸਾਰੇ ਮਸਲਿਆਂ ਨੂੰ ਪਿਛੇ ਛੱਡ ਕੇ ਅਸੀਂ ਭਾਰਤ ਨੂੰ ਕਈ ਵਾਰ ਗੱਲਬਾਤ ਦੀ ਅਪੀਲ ਕੀਤੀ, ਪਰ ਉਸ ਨੇ ਹਰ ਵਾਰ ਅਪੀਲ ਰੱਦ ਕਰ ਦਿੱਤੀ। ਮੈਨੂੰ ਅੱਤਵਾਦ ਦੇ ਸਬੂਤ ਦਿਓ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਮੋਦੀ ਦੀ ਚੋਣ ਮੁਹਿੰਮ ਵੇਲੇ ਉਨ੍ਹਾਂ ਦਾ ਭਾਸ਼ਣ ਇਹ ਸੀ ਕਿ ਉਹ ਚੋਣ ਜਿੱਤਣ ਤੋਂ ਬਾਅਦ ਪਾਕਿਸਤਾਨ ਨੂੰ ਸਬਕ ਸਿਖਾਉਣਗੇ। ਉਨ੍ਹਾਂ ਨੇ ਸਰਜੀਕਲ ਸਟ੍ਰਾਈਕ ਬਾਰੇ ਕਿਹਾ ਕਿ ਇਹ ਸਿਰਫ ਟ੍ਰੇਲਰ ਹੈ। ਓਦੋਂ ਮੈਂ ਸੋਚਿਆ ਕਿ ਇਹ ਚੋਣ ਮੁਹਿੰਮ ਦਾ ਹਿੱਸਾ ਹੈ, ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਭਾਰਤ ਸਾਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਧਾਰਾ 370 ਬਾਰੇ ਇਮਰਾਨ ਖਾਨ ਨੇ ਕਿਹਾ ਕਿ ਭਾਰਤ ਸਰਕਾਰ ਵਲੋਂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਕੇ ਕਸ਼ਮੀਰੀਆਂ ਉੱਤੇ ਜ਼ੁਲਮ ਕੀਤੇ ਜਾ ਰਹੇ ਹਨ। ਓਥੇ ਹਜ਼ਾਰਾਂ ਫੌਜੀ ਤਾਇਨਾਤ ਕੀਤੇ ਗਏ ਤੇ ਕਸ਼ਮੀਰੀਆਂ ਨੂੰ ਅੱਤਵਾਦੀ ਮੰਨਿਆ ਜਾ ਰਿਹਾ ਹੈ। ਖਾਨ ਨੇ ਕਿਹਾ ਕਿ ਕਸ਼ਮੀਰ ਤੋਂ ਕਰਫਿਊ ਹਟਾਉਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਸਥਿਤੀ ਹੋਰ ਖਰਾਬ ਹੋ ਸਕਦੀ ਹੈ। ਇਸ ਮੌਕੇ ਇਮਰਾਨ ਖਾਨ ਨੇ ਆਰ ਐੱਸ ਐੱਸ ਨੂੰ ਇਕ ਅੱਤਵਾਦੀ ਸੰਗਠਨ ਤੱਕ ਵੀ ਕਹਿ ਦਿੱਤਾ।

ਇਮਰਾਨ ਨੇ ਕਿਹਾ ਕਿ 113 ਕਰੋੜ ਮੁਸਲਮਾਨਾਂ ਨੂੰ ਗਲਤ ਸਮਝਣ ਪਿੱਛੋਂ ਉਨ੍ਹਾਂ ਵਿੱਚੋਂ ਕੁਝ ਨੇ ਹਥਿਆਰ ਚੁੱਕ ਲਏ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਮੁਸਲਮਾਨ ਗਲਤ ਹਨ। ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ ਦਾ ਤਣਾਅ ਸਿਖਰ ਉੱਤੇ ਹੈ ਅਤੇ ਜੇ ਰਸਮੀ ਜੰਗ ਹੋਈ ਹੈ ਤਾਂ ਦੋਵੇਂ ਐਟਮੀ ਦੇਸ਼ ਆਹਮੋ ਸਾਹਮਣੇ ਹੋ ਜਾਣਗੇ, ਜਿਸ ਦੀ ਜ਼ਿੰਮੇਦਾਰੀ ਯੂ ਐੱਨ ਦੀ ਹੋਵੇਗੀ, ਇਸ ਲਈ ਯੂ ਐੱਨ ਨੂੰ ਇਸ ਨੂੰ ਰੋਕਣਾ ਚਾਹੀਦਾ ਹੈ। ਅਸੀਂ ਜੰਗ ਤੋਂ ਬਾਅਦ ਦੀ ਖਰਾਬ ਸਥਿਤੀ ਲਈ ਤਿਆਰ ਹਾਂ। ਇਮਰਾਨ ਨੇ ਕਿਹਾ ਕਿ ਪਾਕਿਸਤਾਨ ਭਾਰਤ ਤੋਂ ਕਈ ਗੁਣਾਂ ਛੋਟਾ ਹੈ, ਸਾਡੇ ਕੋਲ ਦੋ ਬਦਲ ਹਨ, ਜਾਂ ਹਾਰਾਂਗੇ ਜਾਂ ਆਖਰੀ ਸਾਹ ਤੱਕ ਲੜਾਂਗੇ। ਜੇ ਐਟਮੀ ਹਥਿਆਰ ਵਰਤੇ ਜਾਣ ਤਾਂ ਇਹ ਬਾਕੀ ਦੇਸ਼ਾਂ ਲਈ ਵੀ ਖਤਰਾ ਹੈ।

# ਭਾਰਤ ਨੇ ਰਿਲੇਅ ਦੌੜ ਵਿੱਚ ਓਲੰਪਿਕ ਦਾ ਕੋਟਾ ਹਾਸਲ ਕੀਤਾ



ਦੋਹਾ, 29 ਸਤੰਬਰ (ਪੋਸਟ ਬਿਊਰੋ)- ਭਾਰਤੀ ਟੀਮ ਨੇ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਪਹਿਲੀ ਵਾਰ ਹੋ ਰਹੇ 4x400 ਮਿਸ਼ਰਤ ਰਿਲੇਅ ਦੌੜ (ਪੁਰਸ਼ ਤੇ ਔਰਤਾਂ) ਦੇ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਫਾਈਨਲ ਵਿੱਚ ਜਗ੍ਹਾ ਬਣਾਉਣ ਤੋਂ ਇਲਾਵਾ ਓਲੰਪਿਕ ਲਈ ਕੁਆਲੀਫਾਈ ਕਰ ਲਿਆ।

ਇਸ ਮੌਕੇ ਭਾਰਤੀ ਟੀਮ ਵੱਲੋਂ ਮੁਹੰਮਦ ਅਨਸ, ਵੀ ਕੇ ਵਿਸਮਾਇਆ, ਜਿਸਨਾ ਮੈਥਿਊ ਅਤੇ ਨੋਹ ਨਿਰਮਲ ਨੇ 3 :16.16 ਦਾ ਸਮਾਂ ਕੱਢ ਕੇ ਓਲੰਪਿਕ ਕੋਟਾ ਹਾਸਲ ਕੀਤਾ। ਟੀਮ ਵੱਲੋਂ ਵਿਸਮਾਇਆ ਦਾ ਪ੍ਰਦਰਸ਼ਨ ਬਹੁਤ ਸ਼ਾਨਦਾਰ ਸੀ। ਇਸ ਮੁਕਾਬਲੇ ਅਮਰੀਕਾ ਦੀ ਟੀਮ (3 :12.42) ਨੇ ਵਿਸ਼ਵ ਰਿਕਾਰਡ ਬਣਾ ਕੇ ਪਹਿਲਾ ਸਥਾਨ ਲਿਆ। ਜਮਾਇਕਾ ਦੀ ਟੀਮ (3 :12.74) ਨਾਲ ਤੀਜੇ ਥਾਂ ਰਹੀ।

# ਪਾਕਿ ਗਾਇਕਾ ਕੰਦੀਲ ਬਲੋਚ ਦੇ ਕਤਲ ਲਈ ਸਕੇ ਭਰਾ ਨੂੰ ਉਮਰ ਕੈਦ, ਤਿੰਨ ਰਿਹਾਅ



ਲਾਹੌਰ, 29 ਸਤੰਬਰ (ਪੋਸਟ ਬਿਊਰੋ)- ਸਥਾਨਕ ਅਦਾਲਤ ਨੇ ਇਸ ਦੇਸ਼ ਦੀ ਸੋਸ਼ਲ ਮੀਡੀਆ ਸਟਾਰ ਕੰਦੀਲ ਬਲੋਚ ਦੇ ਕਤਲ ਲਈ ਉਸ ਦੇ ਸਕੇ ਭਰਾ ਮੁਹੰਮਦ ਵਸੀਮ ਨੂੰ ਉਮਰ ਕੈਦ ਕੀਤੀ ਅਤੇ ਤਿੰਨ ਹੋਰਨਾਂ ਨੂੰ ਛੱਡ ਦਿੱਤਾ ਹੈ।

ਫੌਜ਼ੀਆ ਅਸੀਮ, ਜਿਸ ਨੂੰ ਲੋਕ ਕੰਦੀਲ ਬਲੋਚ ਦੇ ਨਾਂ ਨਾਲ ਜਾਣਦੇ ਸਨ, ਨੂੰ 15 ਜੁਲਾਈ 2016 ਨੂੰ ਮੁਲਤਾਨ ਵਿੱਚ ਉਸ ਦੇ ਘਰ ਵਿੱਚ ਗਲਾ ਘੁੱਟ ਕੇ ਮਾਰ ਦਿੱਤਾ ਗਿਆ ਸੀ। ਇਸ ਘਟਨਾ ਨੂੰ ਅਣਖ ਖਾਤਿਰ ਕੀਤਾ ਕਤਲ ਮੰਨਿਆ ਗਿਆ ਸੀ। ਜੱਜ ਇਮਰਾਨ ਸ਼ਫੀ ਵੱਲੋਂ ਫੈਸਲਾ ਸੁਣਾਏ ਜਾਣ ਮੌਕੇ ਬਲੋਚ ਦੇ ਮਾਤਾ-ਪਿਤਾ ਤੇ ਕੇਸ ਨਾਲ ਸਬੰਧਤ ਸਾਰੇ ਸ਼ੱਕੀ ਲੋਕ ਜ਼ਿਲ੍ਹਾ ਅਦਾਲਤ ਵਿੱਚ ਮੌਜੂਦ ਸਨ। ਇਸ ਮਾਮਲੇ ਵਿੱਚ ਕੁੱਲ 35 ਗਵਾਹਾਂ ਨੇ ਬਿਆਨ ਦਰਜ ਕਰਵਾਏ ਸਨ। ਪੁੱਛਗਿੱਛ ਦੌਰਾਨ ਵਸੀਮ ਨੇ ਕਬੂਲ ਕੀਤਾ ਸੀ ਕਿ ਉਹ ਕੰਦੀਲ ਵੱਲੋਂ ਸੋਸ਼ਲ ਮੀਡੀਆ ਉੱਤੇ ਪੋਸਟ ਕੀਤੀਆਂ ਅਸ਼ਲੀਲ ਤਸਵੀਰਾਂ ਤੇ ਸੁਨੇਹਿਆਂ ਕਾਰਨ ਨਾਰਾਜ਼ ਸੀ। ਉਹ ਕੇਂਦਰੀ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟੇਗਾ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਪਾਕਿ ਵਿੱਚ ਘੱਟ ਗਿਣਤੀਆਂ ਉੱਤੇ ਜ਼ੁਲਮਾਂ ਖ਼ਿਲਾਫ਼ ਅਮਰੀਕਾ ਵਿੱਚ ਮੁਜ਼ਾਹਰਾ




ਨਿਊਯਾਰਕ, 29 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀਆਂ ਉੱਤੇ ਹੋ ਰਹੇ ਜ਼ੁਲਮ ਦੇ ਖ਼ਿਲਾਫ਼ ਅੱਜ ਨਿਊਯਾਰਕ ਦੀਆਂ ਸੜਕਾਂ ਉੱਤੇ ਅਨੋਖੇ ਤਰ੍ਹਾਂ ਦੇ ਮੁਜ਼ਾਹਰੇ ਹੋਏ। ਪੀਲੀਆਂ ਟੈਕਸੀਆਂ ਤੇ ਮਿਨੀ ਟਰੱਕਾਂ ਦੀਆਂ ਛੱਤਾਂ ਉੱਤੇ ਡਿਜੀਟਲ ਸਕਰੀਨ ਨਾਲ ਪਾਕਿਸਤਾਨੀ ਘੱਟ ਗਿਣਤੀਆਂ ਉੱਤੇ ਹੁੰਦੇ ਜ਼ੁਲਮ ਦਿਖਾਏ ਗਏ। ਪਾਕਿਸਤਾਨ ਵਿਚਲੇ ਜ਼ੁਲਮਾਂ ਦਾ ਨਮੂਨਾ ਦਿਖਾਉਂਦੀਆਂ ਇਹ ਗੱਡੀਆਂ 24 ਘੰਟੇ ਪੂਰੇ ਸ਼ਹਿਰ ਵਿੱਚ ਘੁੰਮਦੀਆਂ ਰਹੀਆਂ।

ਅਸਲ ਵਿੱਚ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਉੱਤੇ ਹੁੰਦੇ ਜ਼ੁਲਮਾਂ ਦੇ ਖ਼ਿਲਾਫ਼ ਇਹ ਮੁਹਿੰਮ ਵੱਡੇ ਪੱਧਰ ਉੱਤੇ ਯੂ ਐੱਨ ਜਨਰਲ ਅਸੈਂਬਲੀ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਭਾਸ਼ਣ ਤੋਂ ਪਹਿਲਾਂ ਛੇੜੀ ਗਈ। ਇਹ ਮੁਜ਼ਾਹਰੇ ਅਮਰੀਕਾ ਦੇ ਐਡਵੋਕੇਸੀ ਗਰੁੱਪ ਨੇ ਕਰਵਾਏ ਹਨ। ਯੂ ਐੱਨ ਹੈੱਡ ਕੁਆਰਟਰ ਦੁਆਲੇ ਘੁੰਮਦੀਆਂ ਗੱਡੀਆਂ ਦੀ ਡਿਜੀਟਲ ਸਕਰੀਨ ਉੱਤੇ ਲਿਖਿਆ ਸੀ, 'ਪਾਕਿਸਤਾਨ ਅਜਿਹਾ ਦੇਸ਼ ਹੈ ਜਿਹੜਾ ਮਨੁੱਖੀ ਅਧਿਕਾਰਾਂ ਉੱਤੇ ਯੂ ਐੱਨ ਓ ਦੇ ਚਾਰਟਰ ਨੂੰ ਨਹੀਂ ਮੰਨਦਾ ਤੇ ਮੁਹਾਜਿਰ ਲੋਕ ਪਾਕਿਸਤਾਨ ਵਿੱਚ ਯੂ ਐੱਨ ਓ ਦੇ ਦਖ਼ਲ ਦੀ ਮੰਗ ਕਰਦੇ ਹਨ।'

ਕਰਾਚੀ ਦੇ ਸਾਬਕਾ ਮੇਅਰ ਵਾਸੇਅ ਜ਼ਲੀਲ ਨੇ ਦੱਸਿਆ ਕਿ ਪਾਕਿਸਤਾਨ ਮੁਹਾਜਿਰਾਂ ਨੂੰ ਏਦਾਂ ਦੀ ਬੇਇਨਸਾਫ਼ੀ ਦੇ ਖ਼ਿਲਾਫ਼ ਸ਼ਾਂਤੀ ਪੂਰਨ ਢੰਗ ਨਾਲ ਮੁਜ਼ਾਹਰੇ ਵੀ ਨਹੀਂ ਕਰਨ ਦਿੰਦਾ, ਇਸ ਲਈ ਉਨ੍ਹਾਂ ਕੋਲ ਕੋਈ ਹੋਰ ਬਦਲ ਨਹੀਂ ਸੀ ਤਾਂ ਉਨ੍ਹਾਂ ਨੂੰ ਯੂ ਐੱਨ ਓ ਅਤੇ ਕੌਮਾਂਤਰੀ ਸੰਸਥਾਵਾਂ ਤੋਂ ਮਦਦ ਮੰਗਣੀ ਪਈ ਹੈ। ਇਹ ਸਾਡਾ ਨੈਤਿਕ, ਮਨੁੱਖੀ ਤੇ ਲੋਕਤੰਤਰੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਮੁਹਾਜ਼ਿਰਾਂ ਦੇ ਖ਼ਿਲਾਫ਼ ਦਹਾਕਿਆਂ ਤੋਂ ਜ਼ੁਲਮ ਹੋ ਰਿਹਾ ਹੈ। ਸਾਡੇ 25 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਤੇ ਹਜ਼ਾਰਾਂ ਲੋਕ ਗਾਇਬ ਕੀਤੇ ਗਏ ਹਨ। ਅਸੀਂ ਦੁਨੀਆ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਸਾਡੀ ਇਹ ਹਾਲਤ ਪਾਕਿਸਤਾਨ ਨੇ ਕੀਤੀ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਮੁਹਾਜ਼ਰ ਉਹ ਮੁਸਲਮਾਨ ਕਹੇ ਜਾਂਦੇ ਹਨ, ਜਿਹੜੇ ਦੇਸ਼ ਦੀ ਵੰਡ ਵੇਲੇ ਮੁੱਖ ਤੌਰ ਉੱਤੇ ਯੂ ਪੀ ਅਤੇ ਬਿਹਾਰ ਤੋਂ ਪਾਕਿਸਤਾਨ ਗਏ ਸਨ।

ਵਾਇਸ ਆਫ ਕਰਾਚੀ ਦੇ ਮੁਖੀ ਨਦੀਮ ਨੁਸਰਤ ਨੇ ਦੱਸਿਆ ਕਿ ਪਾਕਿਸਤਾਨ ਇਕ ਪਾਸੇ ਆਪਣੇ ਦੇਸ਼ ਵਿੱਚ ਘੱਟ ਗਿਣਤੀਆਂ ਉੱਤੇ ਜ਼ੁਲਮ ਕਰਦਾ ਹੈ, ਦੂਜੇ ਪਾਸੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਕਸ਼ਮੀਰ ਮੁੱਦੇ ਉੱਤੇ ਯੂ ਐੱਨ ਓ ਨੂੰ ਝੂਠੀ ਕਹਾਣੀ ਸੁਣਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸ਼ਰਮਨਾਕ ਹੈ ਕਿ ਪਾਕਿ ਕਹਿੰਦਾ ਹੈ ਕਿ ਭਾਰਤ ਮੁਸਲਮਾਨਾਂ ਦੇ ਖ਼ਿਲਾਫ਼ ਹੈ, ਜਦ ਕਿ ਪਾਕਿਸਤਾਨ ਨੇ ਖ਼ੁਦ ਧਾਰਮਿਕ ਘੱਟ ਗਿਣਤੀਆਂ ਲਈ ਨਰਕ ਬਣਾ ਰੱਖਿਆ ਹੈ। ਪਾਕਿਸਤਾਨ ਕਸ਼ਮੀਰ ਦੀ ਗੱਲ ਕਰਦਾ ਹੈ, ਪਰ ਕਰੀਬ ਪੰਜ ਲੱਖ ਪਾਕਿਸਤਾਨੀ ਲੋਕ ਅਜੇ ਵੀ ਬੰਗਲਾ ਦੇਸ਼ ਦੇ ਰੈੱਡ ਕ੍ਰਾਸ ਕੈਂਪਾਂ ਵਿੱਚ ਰਹਿੰਦੇ ਹਨ। ਇਸ ਦਾ ਕੋਈ ਅਰਥ ਨਹੀਂ ਕਿ ਪਾਕਿਸਤਾਨ ਸਰਹੱਦ ਪਾਰਲੇ ਲੋਕਾਂ ਦੀ ਗੱਲ ਕਰਦਾ ਹੈ, ਪਰ ਆਪਣੇ ਹੀ ਦੇਸ਼ ਵਿੱਚ ਲੋਕਾਂ ਦੀ ਅਣਦੇਖੀ ਕਰਦਾ ਹੈ।

MICHELIN Hankook Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
1715 Sismet Rd, Mississauga | Call Ranjit: 416.624.8351 | Tel: 905.625.0055

## ਗ੍ਰਿਫਤਾਰੀ ਤੋਂ ਡਰਦੀ ਅਮਰੀਕੀ ਪੋਰਨ ਸਟਾਰ ਵੱਲੋਂ 4.50 ਲੱਖ ਡਾਲਰ ਵਿੱਚ ਸਮਝੌਤਾ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ)- ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਨ੍ਹਾਂ ਦੇ ਨਾਲ ਸੰਬੰਧਾਂ ਦਾ ਦਾਅਵਾ ਕਰਨ ਵਾਲੀ ਪੋਰਨ ਸਟਾਰ ਸਟਾਰਮੀ ਡੈਨੀਅਲਸ ਨੇ ਆਪਣੀ ਗ੍ਰਿਫਤਾਰੀ ਦੇ ਡਰ ਤੋਂ ਓਹਾਈਓ ਦੇ ਕੋਲੰਬਸ ਸ਼ਹਿਰ ਵਿੱਚ 4.50 ਲੱਖ ਅਮਰੀਕੀ ਡਾਲਰ ਵਿੱਚ ਕਾਨੂੰਨੀ ਸਮਝੌਤਾ ਕਰ ਲਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਡੈਨੀਅਲਸ ਦਾ ਅਸਲੀ ਨਾਂਅ ਸਟੈਫਨੀ ਕਲਿਫੋਰਡ ਹੈ। ਉਸ ਨੂੰ ਸੈਕਸ ਦੁਰਵਿਹਾਰ ਦੇ ਦੋਸ਼ਾਂ ਕਾਰਨ 2018 ਵਿੱਚ ਰਿਸੈਂਸ ਜੈਂਟਲਮੈਨ ਕਲੱਬ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਡੈਨੀਅਲਸ ਨੇ ਜਨਵਰੀ ਵਿੱਚ ਦਾਇਰ ਕੇਸ ਵਿੱਚ ਦੋਸ਼ ਲਾਇਆ ਸੀ ਕਿ ਉਸ ਦੀ ਗ੍ਰਿਫਤਾਰੀ ਸਿਆਸਤ ਤੋਂ ਪ੍ਰੇਰਤ ਹੈ ਅਤੇ ਉਸ ਨੇ ਆਪਣੇ ਨਾਗਰਿਕ ਅਧਿਕਾਰਾਂ ਦਾ ਉਲੰਘਣ ਕਰ ਕੇ ਝੂਠੀ ਗ੍ਰਿਫਤਾਰੀ ਅਤੇ ਕੈਦ ਰੱਖੇ ਜਾਣ ਦਾ ਦੋਸ਼ ਲਾਉਂਦੇ ਹੋਏ ਕੇਸ ਦਾਇਰ ਕੀਤਾ ਸੀ। ਡੈਨੀਅਲਸ ਨੇ 20 ਲੱਖ ਅਮਰੀਕੀ ਡਾਲਰ ਦਾ ਮੁਕੱਦਮਾ ਕੀਤਾ ਸੀ, ਪ੍ਰੰਤੂ ਸ਼ੁੱਕਰਵਾਰ ਨੂੰ ਉਸ ਦੀ ਲਗਭਗ ਚੌਥਾਈ ਰਾਸ਼ੀ 'ਤੇ ਸਮਝੌਤਾ ਕਰ ਲਿਆ ਅਤੇ ਮਾਮਲਾ ਖਤਮ ਕਰ ਦਿੱਤਾ ਹੈ।

## ਅਮਰੀਕੀ ਮੰਤਰੀ ਵੱਲੋਂ ਸਵਾਲ: ਚੀਨ ਵਿੱਚ ਉਈਗਰ ਮੁਸਲਮਾਨਾਂ ਦੀ ਬਦਹਾਲੀ ਬਾਰੇ ਪਾਕਿਸਤਾਨ ਕਿਉਂ ਚੁੱਪ ਹੈ



ਨਿਊਯਾਰਕ, 29 ਸਤੰਬਰ (ਪੋਸਟ ਬਿਊਰੋ)- ਅਮਰੀਕਾ ਨੇ ਪਾਕਿਸਤਾਨ ਦੇ ਦੋਗਲੇ ਚਰਿੱਤਰ ਉੱਤੇ ਸਵਾਲ ਉਠਾਇਆ ਹੈ ਕਿ ਕਸ਼ਮੀਰੀ ਮੁਸਲਮਾਨਾਂ ਬਾਰੇ ਰੌਲਾ ਪਾ ਰਿਹਾ ਪਾਕਿਸਤਾਨ ਇਸ ਸਮੇਂ ਦੌਰਾਨ ਹੀ ਚੀਨ ’ਚ ਉਈਗਰ ਮੁਸਲਮਾਨਾਂ ਦੀ ਲਗਾਤਾਰ ਬਦਹਾਲੀ ਦੀਆਂ ਖਬਰਾਂ ’ਤੇ ਚੁੱਪ ਕਿਉਂ ਹੈ?

ਕਸ਼ਮੀਰੀ ਲੋਕਾਂ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਵਿਖਾਈ ਚਿੰਤਾ ਨਾਲ ਜੁੜੇ ਸਵਾਲ ਦਾ ਜਵਾਬ ਦਿੰਦਿਆਂ ਅਮਰੀਕਾ ਦੀ ਦੱਖਣੀ ਅਤੇ ਮੱਧ ਏਸ਼ੀਆ ਮਾਮਲਿਆਂ ਦੀ ਕਾਰਜਕਾਰੀ ਸਹਾਇਕ ਮੰਤਰੀ ਏਲਿਸ ਵੇਲਸ ਨੇ ਕਿਹਾ ਕਿ ਮੈਂ ਚਾਹਾਂਗੀ ਕਿ ਇਹੋ ਜਿਹੀ ਚਿੰਤਾ ਪੱਛਮੀ ਚੀਨ ਵਿਚਲੇ ਉਈਗਰ ਮੁਸਲਮਾਨਾਂ ਲਈ ਵੀ ਦਿਖਾਈ ਜਾਵੇ, ਜਿਨ੍ਹਾਂ ਨੂੰ ਹਿਰਸਾਤ ਕੇਂਦਰਾਂ ਵਿੱਚ ਜ਼ਬਰੀ ਕੈਦ ਕਰ ਕੇ ਰੱਖਿਆ ਗਿਆ ਹੈ।

ਅਸਲ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਆਪ ਨੂੰ ਕਸ਼ਮੀਰੀ ਲੋਕਾਂ ਦਾ ਦੂਤ ਐਲਾਨ ਕੀਤਾ ਹੋਇਆ ਹੈ। ਜੰਮੂ-ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਦੇ ਬਾਅਦ ਉਹ ਭਾਰਤ ਦੇ ਖਿਲਾਫ ਲਾਮਬੰਦੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਮਰਾਨ ਖਾਨ ਨੇ ਹਿਊਮਨ ਰਾਈਟਸ ਵਾਚ ਦੇ ਮੁਖੀ ਕੇਨਿਥ ਰੀਥ ਨਾਲ ਮੁਲਾਕਾਤ ਦੌਰਾਨ ਜੰਮੂ-ਕਸ਼ਮੀਰ ’ਚ ਕਰਫਿਊ ਖਤਮ ਹੋਣ ’ਤੇ ਕਤਲੇਆਮ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਦੂਸਰੇ ਪਾਸੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਉਈਗਰ ਮੁਸਲਮਾਨਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ। ਬੀਤੀ 14 ਅਗਸਤ ਨੂੰ ਇਕ ਇੰਟਰਵਿਊ ਵਿੱਚ ਜਦੋਂ ਉਈਗਰਾਂ ਬਾਰੇ ਉਨ੍ਹਾਂ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਨੇ ਇਸ ਦਾ ਸਹੀ ਜਵਾਬ ਨਹੀਂ ਸੀ ਦਿੱਤਾ। ਇਮਰਾਨ ਨੇ ਕਿਹਾ ਸੀ ਕਿ ਉਹ ਉਸ ਸਮੱਸਿਆ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹਨ। ਉਨ੍ਹਾਂ ਨੇ ਚੀਨ ਨੂੰ ਪਾਕਿ-ਸਤਾਨ ਦਾ ਸੱਚਾ ਦੋਸਤ ਦੱਸਿਆ ਸੀ। ਵਰਨਣ ਯੋਗ ਹੈ ਕਿ ਹਜ਼ਾਰਾਂ ਉਈਗਰ ਮੁਸਲਮਾਨਾਂ ਨੂੰ ਕੈਦ ਕਰਨ ਅਤੇ ਉਨ੍ਹਾਂ ਦੇ ਧਾਰਮਿਕ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਲਈ ਚੀਨ ਦੀ ਕੌਮਾਂਤਰੀ ਪੱਧਰ ਉੱਤੇ ਆਲੋਚਨਾ ਹੋ ਰਹੀ ਹੈ। ਚੀਨ ਇਨ੍ਹਾਂ ਹਿਰਾਸਤੀ ਕੇਂਦਰਾਂ ਨੂੰ ਆਪਣੇ ਟ੍ਰੇਨਿੰਗ ਸੈਂਟਰ ਦੱਸਦਾ ਹੈ।

## ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਵਿਧੀ ਪਹਿਲੀ ਅਕਤੂਬਰ ਤੋਂ ਜਨਤਕ ਹੋਵੇਗੀ : ਰੰਧਾਵਾ



ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਕੋਆਪਰੇਸ਼ਨ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੱਲ੍ਹ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰਾਲਾ ਦੇ ਬਾਰਡਰ ਮੈਨੇਜਮੈਂਟ ਦੇ ਸਕੱਤਰ ਬ੍ਰਿਜ ਰਾਜ ਸ਼ਰਮਾ ਨਾਲ ਮੁਲਾਕਾਤ ਕਰ ਕੇ ਕਰਤਾਰਪੁਰ ਲਾਂਘੇ ਦੇ ਕੰਮ ਦੀ ਸਮੀਖਿਆ ਕੀਤੀ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੇ ਇਛੁੱਕ ਸ਼ਰਧਾਲੂਆਂ ਲਈ ਓਥੇ ਜਾਣ ਦੀ ਪ੍ਰਕਿਰਿਆ ਨੂੰ ਸੌਖਾਲਾ ਅਤੇ ਜਨਤਕ ਕਰਨ ਦੀ ਮੰਗ ਰੱਖੀ। ਮੀਟਿੰਗ ਦੇ ਫੈਸਲਿਆਂ ਬਾਰੇ ਰੰਧਾਵਾ ਨੇ ਦੱਸਿਆ ਕਿ ਭਾਰਤ ਸਰਕਾਰ ਪਹਿਲੀ ਅਕਤੂਬਰ ਤੱਕ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਲੇ ਸ਼ਰਧਾਲੂਆਂ ਲਈ ਪ੍ਰਕਿਰਿਆ ਵਿਧੀ ਦਾ ਐਲਾਨ ਕਰ ਦੇਵੇਗੀ ਅਤੇ ਨਾਲ ਪੰਜਾਬ ਸਰਕਾਰ ਦੀ ਮੰਗ ਨੂੰ ਮੰਨਦਿਆਂ ਵੈੱਬ ਪੋਰਟਲ ਉਪਰ ਪੰਜਾਬੀ ਭਾਸ਼ਾ ਵਿੱਚ ਵੀ ਇਸ ਦੀ ਸਾਰੀ ਜਾਣਕਾਰੀ ਉਪਲਬਧ ਹੋਵੇਗੀ।

ਇਸ ਸੰਬੰਧ ਵਿੱਚ ਰੰਧਾਵਾ ਨੇ ਦੱਸਿਆ ਕਿ ਕਰਤਾਰਪੁਰ ਲਾਂਘੇ ਪ੍ਰਤੀ ਸਮੁੱਚੇ ਪੰਜਾਬੀਆਂ ਅਤੇ ਦੁਨੀਆ ਭਰ ਦੀ ਨਾਨਕ ਨਾਮ ਲੇਵਾ ਸੰਗਤ ਵਿੱਚ ਬਹੁਤ ਉਤਸ਼ਾਹ ਹੈ ਅਤੇ ਉਨ੍ਹਾਂ 'ਚ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਜਾਣ ਲਈ ਪ੍ਰਕਿਰਿਆ ਜਾਨਣ ਦੀ ਉਤਸੁਕਤਾ ਹੈ ਜਿਸ ਕਾਰਨ ਇਸ ਪ੍ਰਕਿਰਿਆ ਦਾ ਜਲਦੀ ਐਲਾਨ ਹੋਣਾ ਚਾਹੀਦਾ ਹੈ।

ਕੇਂਦਰ ਸਰਕਾਰ ਦੇ ਅਧਿਕਾਰੀ ਬ੍ਰਿਜ ਰਾਮ ਸ਼ਰਮਾ ਨੇ ਦੱਸਿਆ ਕਿ ਭਾਰਤ ਸਰਕਾਰ ਇਸ ਬਾਰੇ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਸਾਰੀ ਵਿਧੀ ਪਹਿਲੀ ਅਕਤੂਬਰ ਤੱਕ ਜਨਤਕ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਅਪਲਾਈ ਕਰਨ ਲਈ ਬਣਨ ਵਾਲੇ ਵੈਬ ਪੋਰਟਲ ਉਤੇ ਪੰਜਾਬੀ ਭਾਸ਼ਾ ਵਿੱਚ ਜਾਣਕਾਰੀ ਦੇਣ ਦੀ ਮੰਗ ਮੰਨੀ ਗਈ ਹੈ। ਰੰਧਾਵਾ ਨੇ ਦੱਸਿਆ ਕਿ ਮੀਟਿੰਗ ਵਿੱਚ ਦੱਸਿਆ ਗਿਆ ਕਿ ਕਰਤਾਰਪੁਰ ਲਾਂਘੇ ਦਾ ਭਾਰਤ ਵਾਲੇ ਪਾਸੇ ਉਸਾਰੀ ਦਾ ਕੰਮ 31 ਅਕਤੂਬਰ ਤੱਕ ਖਤਮ ਹੋ ਜਾਵੇਗਾ। ਉਨ੍ਹਾਂ ਸੈਕਟਰੀ ਨੂੰ ਦੱਸਿਆ ਕਿ ਰਾਜ ਸਰਕਾਰ ਵੱਲੋਂ ਨਵੰਬਰ ਦੇ ਪਹਿਲੇ ਹਫਤੇ ਡੇਰਾ ਬਾਬਾ ਨਾਨਕ ਉਤਸਵ ਕਰਾਇਆ ਜਾ ਰਿਹਾ ਹੈ, ਜਿਸ ਲਈ ਸ਼ਰਧਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਹੀ ਪਹੁੰਚਣ ਲੱਗ ਜਾਣਗੇ, ਇਸ ਲਈ ਉਸਾਰੀ ਦਾ ਕੰਮ ਅਕਤੂਬਰ ਦੇ ਅੰਤ ਤੱਕ ਹਰ ਹੀਲੇ ਮੁਕੰਮਲ ਕਰਨਾ ਯਕੀਨੀ ਕੀਤਾ ਜਾਵੇ। ਪੰਜਾਬ ਦੇ ਮੰਤਰੀ ਰੰਧਾਵਾ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨ ਲਈ ਆ ਰਹੇ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ ਉਨ੍ਹਾਂ ਲਈ ਸੁਰੱਖਿਆ ਪ੍ਰਬੰਧਾਂ ਵਾਸਤੇ ਬਾਰਡਰ ਮੈਨੇਜਮੈਂਟ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਥਾਣਾ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਅਤੇ ਫਾਇਰ ਬ੍ਰਿਗੇਡ ਤੇ ਹਸਪਤਾਲ ਅਪਗ੍ਰੇਡ ਕਰਨ ਬਾਰੇ ਵੀ ਵਿਚਾਰ ਹੋਈ ਹੈ।




## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 । 204-510-1423

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5’-11’’, ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Check our Free E-paper at:
